# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 09 ISSUE : 06 SATURDAY, 06 FEBRUARY, 2021

www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com


## ਬੀ.ਸੀ. ਦੇ ਕੋਵਿਡ-19 ਦੇ 414 ਨਵੇਂ ਮਾਮਲੇ ਦਰਜ

ਬੀ. ਸੀ. ਦੇ ਸੂਬਾਈ ਸਿਹਤ ਅਫ਼ਸਰ (ਪੀ. ਐੱਚ. ਓ.), ਅਤੇ ਐਡਰੀਅਨ ਡਿਕਸ, ਸਿਹਤ ਮੰਤਰੀ ਨੇ ਬੀ.ਸੀ. ਵਿੱਚ ਕੋਵਿਡ-19 ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੱਤ ਐਪੀ-ਲਿੰਕਡ ਕੇਸਾਂ ਸਮੇਤ ਕੁੱਲ 414 ਨਵੇਂ ਕੇਸ ਰਿਪੋਰਟ ਹੋਏ ਹਨ, ਅਤੇ ਇਸ ਨਾਲ ਬੀ.ਸੀ. ਦੇ ਕੇਸਾਂ ਦੀ ਕੁੱਲ ਗਿਣਤੀ 68,780 ਹੈ। "ਸੂਬੇ ਵਿਚ ਕੋਵਿਡ-19 ਦੇ 4,426 ਐਕਟਿਵ ਕੇਸ ਹਨ। ਇਸ ਸਮੇਂ ਕੋਵਿਡ-19 ਕਾਰਨ 278 ਵਿਅਕਤੀ ਹਸਪਤਾਲ ਵਿੱਚ ਦਾਖਲ ਹਨ, ਜਿਹਨਾਂ ਵਿੱਚੋਂ 80 ਇਨਟੈਨਸਿਵ ਕੇਅਰ ਵਿੱਚ ਹਨ। ਕੋਵਿਡ-19 ਨਾਲ ਪੀੜਿਤ ਬਾਕੀ ਲੋਕ ਘਰ ਵਿੱਚ ਸਵੈ-ਇਕੱਲਤਾ ਵਿੱਚ ਠੀਕ ਹੋ ਰਹੇ ਹਨ।" ਇਸ ਸਮੇਂ, ਕੋਵਿਡ-19 ਦੇ ਪਛਾਣ ਕੀਤੇ ਗਏ ਕੇਸ ਨਾਲ ਐਕਸਪੋਜਰ ਹੋਣ ਦੇ ਨਤੀਜੇ ਵਜੋਂ 7,049 ਲੋਕ ਐਕਟਿਵ ਜਨਤਕ ਸਿਹਤ ਨਿਗਰਾਨੀ ਅਧੀਨ ਹਨ। ਇਸ ਤੋਂ ਇਲਾਵਾ, 61,643 ਵਿਅਕਤੀ, ਜਿਹਨਾਂ ਦਾ ਟੈਸਟ ਪੌਜ਼ਿਟਿਵ ਆਇਆ ਸੀ, ਹੁਣ ਠੀਕ ਹੋ ਗਏ ਹਨ।

## ਕੈਨੇਡਾ ਦੇ 13 ਅੱਤਵਾਦੀ ਸੰਗਠਨਾਂ ਦੀ ਸੂਚੀ 'ਚ ਪਰਾਊਡ ਬੁਆਏਜ਼ ਤੇ ਹੋਰ ਸੱਜੇ ਪੱਖੀ ਗਰੁੱਪ ਵੀ ਸ਼ਾਮਿਲ

ਓਟਵਾ-ਕੈਨੇਡਾ ਸਰਕਾਰ ਨੇ ਅੱਤਵਾਦੀ ਸੰਗਠਨਾਂ ਦੀ ਆਪਣੀ ਸੂਚੀ ਵਿਚ ਪਰਾਊਡ ਬੁਆਏਸ ਤੇ ਤਿੰਨ ਹੋਰ ਸੱਜੇ ਪੱਖੀ ਗਰੁੱਪਾਂ ਨੂੰ ਸ਼ਾਮਿਲ ਕੀਤਾ ਹੈ ਕਿਉਂਕਿ ਸਰਕਾਰ ਪਿਛਲੇ ਮਹੀਨੇ ਅਮਰੀਕਾ ਵਿਚ ਉਭਰ ਰਹੇ ਨਵ-ਫਾਸੀਵਾਦ ਅਤੇ ਵਾਈਟ ਰਾਸ਼ਟਰਵਾਦ ਨਾਲ ਨਜਿੱਠਣ ਦਾ ਯਤਨ ਕਰ ਰਹੀ ਹੈ। ਜਨਤਕ ਸੁਰੱਖਿਆ ਬਾਰੇ ਮੰਤਰੀ ਬਿੱਲ ਬਲੇਅਰ ਨੇ ਐਲਾਨ ਕੀਤਾ ਕਿ ਸੂਚੀ ਵਿਚ ਸ਼ਾਮਿਲ ਕੀਤੇ 13 ਅੱਤਵਾਦੀ ਸੰਗਠਨਾਂ ਵਿਚ ਚਾਰ ਸੱਜੇ ਪੱਖੀ ਸੰਗਠਨ ਸ਼ਾਮਿਲ ਹਨ। ਸੂਚੀ ਵਿਚ ਅਲਕਾਇਦਾ ਨਾਲ ਜੁੜੇ ਤਿੰਨ, ਇਸਲਾਇਮਕ ਸਟੇਟ ਆਫ ਇਰਾਕ ਤੇ ਲਾਵੈਂਤ ਨਾਲ ਜੁੜੇ ਚਾਰ ਤੇ ਇਕ ਕਸ਼ਮੀਰੀ ਸੰਗਠਨ ਸ਼ਾਮਿਲ ਹੈ। ਪਰਾਊਡ ਬੁਆਏਜ਼ ਨੂੰ ਪਿਛਲੇ ਮਹੀਨੇ ਕੈਪੀਟੋਲ ਹਿਲ 'ਤੇ ਕੀਤੇ ਹਮਲੇ ਪਿੱਛੋਂ ਸੂਚੀ ਵਿਚ ਸ਼ਾਮਿਲ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ।। ਬਲੇਅਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਕੈਨੇਡੀਅਨ ਅਧਿਕਾਰੀ ਇਸ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖ ਰਹੇ ਹਨ।

# ਮੇਡ ਇਨ ਕੈਨੇਡਾ ਕੋਵਿਡ ਵੈਕਸੀਨ 2021 ਦੇ ਅੰਤ ਤਕ ਆਉਣ ਦੀ ਉਮੀਦ-ਟਰੂਡੋ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਰਕਾਰ ਕੈਨੇਡੀਅਨ ਧਰਤੀ 'ਤੇ ਕੋਵਿਡ-19 ਟੀਕਿਆਂ ਦੇ ਉਤਪਾਦਨ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ ਪਰ ਇਹ ਟੀਕੇ ਸਾਲ ਦੇ ਖਤਮ ਹੋਣ ਤੱਕ ਨਹੀਂ ਆਉਣਗੇ ਜਿਸ ਨਾਲ ਦੇਸ਼ ਨੂੰ ਟੀਕੇ ਲਈ ਰੁਕੇ ਹੋਏ ਯਤਨਾਂ ਵਿਚ ਥੋੜੀ ਮਦਦ ਮਿਲੇਗੀ। ਪ੍ਰਧਾਨ ਮੰਤਰੀ ਟਰੂਡੋ ਨੇ ਦੋ ਸਮਝੌਤਿਆਂ ਦਾ ਐਲਾਨ ਕੀਤਾ। ਇਨ੍ਹਾਂ ਵਿਚੋਂ ਇਕ ਟੀਕੇ ਦੇ ਨਿਰਮਾਣ ਕਰਨ ਵਾਲੀ ਕੰਪਨੀ ਨੋਵਾਵੈਕਸ ਤੇ ਦੂਸਰਾ ਕੈਨੇਡੀਅਨ ਕੰਪਨੀ ਪ੍ਰੀਸੀਸ਼ਨ ਨੈਨੋਸਿਸਟਮ ਨਾਲ ਕੀਤਾ ਗਿਆ ਹੈ। ਵੈਨਕੂਵਰ ਦੀ ਕੰਪਨੀ ਨੂੰ ਨਵਾਂ ਯੂਨਿਟ ਲਗਾਉਣ ਲਈ 25.1 ਮਿਲੀਅਨ ਡਾਲਰ ਮਿਲਣਗੇ ਜਿਹੜੀ ਟੀਕਿਆਂ ਤੇ ਦੂਸਰੀਆਂ ਦਵਾਈਆਂ ਦਾ ਨਿਰਮਾਣ ਕਰੇਗੀ ਪਰ ਦੋਵਾਂ ਕੰਪਨੀਆਂ ਵਿਚੋਂ ਕੋਈ ਵੀ ਸਤੰਬਰ ਤੋਂ ਪਹਿਲਾਂ ਕੈਨੇਡਾ ਵਿਚ ਟੀਕਿਆਂ ਦੇ ਨਿਰਮਾਣ ਲਈ ਤਿਆਰ ਨਹੀਂ ਹੋਵੇਗੀ। ਇਸ ਦੇ ਨਾਲ ਹੀ ਟਰੂਡੋ ਨੇ ਦੁਹਰਾਇਆ ਕਿ ਜਿਹੜਾ ਵੀ ਕੈਨੇਡੀਅਨ ਟੀਕਾ ਲਗਵਾਉਣਾ ਚਾਹੇਗਾ, ਸਾਰਿਆਂ ਲਈ ਇਹ ਉਪਲਬਧ ਹੋਵੇਗਾ। ਕੈਨੇਡੀਅਨਾਂ ਨੂੰ ਟੀਕਿਆਂ ਦੀ ਸਪਲਾਈ ਲਈ ਸਾਨੂੰ ਕੈਨੇਡਾ ਵਿਚ ਆਪਣੀ ਫਰਮਾਸਿਊਟੀਕਲ ਇੰਡਸਟਰੀ ਵਿਚ ਸਮਰੱਥਾ ਨੂੰ ਬਹਾਲ ਕਰਨ ਦੀ ਲੋੜ ਹੈ, ਚਾਹੇ ਇਸ ਵਾਇਰਸ ਦੀਆਂ ਇਹ ਅਗਲੀਆਂ ਵੇਵਜ ਹੋਣ ਜਾਂ ਇਹ ਭਵਿੱਖ ਵਿਚ ਹੋਣ ਵਾਲੇ ਵਾਇਰਸ ਹੋਣ। ਟਰੂਡੋ ਦੇ ਭਵਿੱਖ ਦੇ ਨਿਸ਼ਾਨੇ ਉਸ ਸਮੇਂ ਸਾਹਮਣੇ ਆਏ ਜਦੋਂ ਕੈਨੇਡਾ ਵਿਚ ਟੀਕੇ ਨੂੰ ਜਾਰੀ ਕਰਨ ਦਾ ਕੰਮ ਰੁਕੇ ਹੋਣ ਦੀ ਗੱਲ ਵਧਦੀ ਲੱਗ ਰਹੀ ਹੈ ਅਤੇ ਹੁਣ ਯੂਰਪੀਨ ਦੇਸ਼ਾਂ ਦਾ ਦਬਾਅ ਹੈ ਜਿਹੜੇ ਫਾਈਜ਼ਰ ਤੇ ਮੋਡਰਨਾ ਦੇ ਟੀਕਿਆਂ 'ਤੇ ਬਰਾਮਦ ਕੰਟਰੋਲ ਲਾਗੂ ਕਰ ਰਹੇ ਹਨ। ਮੋਡਰਨਾ ਨੇ ਇਸ ਹਫ਼ਤੇ 20 ਫ਼ੀਸਦੀ ਤੋਂ ਵੀ ਵੱਧ ਕੈਨੇਡਾ ਨੂੰ ਆਪਣੀ ਸਪਲਾਈ ਰੋਕ ਦਿੱਤੀ ਹੈ। ਮੋਡਰਨਾ ਨੇ ਕੈਨੇਡਾ ਨੂੰ ਹਰੇਕ ਤਿੰਨ ਹਫ਼ਤੇ ਸਪਲਾਈ ਕਰਨੀ ਹੈ। ਇਸ ਮਹੀਨੇ ਦੇ ਅਖੀਰ ਵਿਚ ਭੇਜੀ ਜਾਣ ਵਾਲੀ ਖੇਪ ਜਿਹੜੀ ਲਗਪਗ 250000 ਖੁਰਾਕਾਂ ਹੈ ਸਰਕਾਰ ਦੀ ਵੈੱਬਸਾਈਟ ਤੋਂ ਹਟਾ ਦਿੱਤੀ ਗਈ ਹੈ। ਇਹ ਵੈੱਬਸਾਈਟ ਡਲਿਵਰੀ ਦੀ ਭਵਿੱਖਬਾਣੀ ਮੁਹੱਈਆ ਕਰਦੀ ਹੈ। ਜਦੋਂ ਮੋਡਰਨਾ ਨੇ ਕਟੌਤੀ ਦਾ ਐਲਾਨ ਕੀਤਾ ਤਾਂ ਟਰੂਡੋ ਨੇ ਕਿਹਾ ਕਿ ਇਹ ਥੋੜੇ ਸਮੇਂ ਲਈ ਹੈ। ਉਨ੍ਹਾਂ ਕਿਹਾ ਕਿ ਸਾਨੂੰ ਦੱਸਿਆ ਗਿਆ ਕਿ ਇਹ ਕਟੌਤੀ ਸਿਰਫ ਇਕ ਖੇਪ ਲਈ ਹੈ। ਸਿਹਤ ਮੰਤਰੀ ਪੈਟੀ ਹਜਡੂ ਨੇ ਕਿਹਾ ਕਿ ਸਾਨੂੰ ਮਾਰਚ ਦੇ ਅਖੀਰ ਤਕ ਮੋਡਰਨਾਂ ਦੀਆਂ 20 ਲੱਖ ਖੁਰਾਕਾਂ ਮਿਲਣ ਦੀ ਆਸ ਹੈ। ਪਿਛਲੇ ਦੋ ਹਫ਼ਤੇ ਫਾਈਜ਼ਰ ਨੇ ਕੈਨੇਡਾ ਨੂੰ ਸਪਲਾਈ ਵਿਚ ਨਾਟਕੀ ਢੰਗ ਨਾਲ ਕਟੌਤੀ ਕਰ ਦਿੱਤੀ ਅਤੇ ਇਸ ਹਫ਼ਤੇ ਸਿਰਫ 79000 ਖੁਰਾਕਾਂ ਤੇ ਅਗਲੇ ਹਫ਼ਤੇ 70000 ਖੁਰਾਕਾਂ ਪਹੁੰਚ ਰਹੀਆਂ ਹਨ। ਪਿਛਲੇ ਹਫ਼ਤੇ ਦਵਾਈ ਆਈ ਹੀ ਨਹੀਂ। ਕੰਪਨੀ ਆਪਣੇ ਟੀਕੇ ਦਾ ਉਤਪਾਦਨ ਵਧਾਉਣ ਲਈ ਬੈਲਜੀਅਮ ਨਿਰਮਾਣ ਪਲਾਂਟ ਨੂੰ ਦੁਬਾਰਾ ਤਿਆਰ ਕਰ ਰਹੀ ਹੈ।




A.S. MATTOO
& ASSOCIATES - LAW OFFICE
- ਰੀਅਲ ਅਸਟੇਟ
- ਘਰਾਂ ਦੇ ਤਬਾਦਲੇ
- ਕਮਰਸ਼ੀਅਲ ਰੀਅਲ ਅਸਟੇਟ
- ਮੋਰਟਗੇਜ਼
- ਵਸੀਅਤ ਤੇ ਜਾਇਦਾਦ
- ਵਿਰਾਸਤ ਕੇਸ

AMRIK S. (STEVE) MATTOO
604-572-6000
#211 - 7928 128th St., Surrey (YORK BUSINESS CENTRE)
Fax: 604-572-6001 | amrik@mattoolaw.com
TIMING: MON - FRI 9:00 AM TO 5:00 PM

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜਰਬਾ
ਮੁਫਤ ਸਲਾਹ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

ANOOP S. BAINS
BARRISTER & SOLICITOR
Suite 214 - 6678 - 152nd St., Surrey B.C.
ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
ਅਸੀਂ ਸਿਰਫ ਆਈ.ਸੀ.ਬੀ.ਸੀ ਦੇ ਕੇਸ ਹੀ ਲੜਦੇ ਹਾਂ
Anoop Bains
604-547-3178
anoop@bainslaw.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368-2030
604-227-9694
# 102-6321 King George Blvd, Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

PHANTOM
TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change Starts $29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar

ACROSS BORDER VISA INC.
THE HOUSE OF IMMIGRATION
ਅਸੀਂ ਹਰ ਤਰ੍ਹਾਂ ਦੀਆਂ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
PIER iccrc crcic ICEF AAERI
Avinash Kaur Director - RCIC 778-903-1243
Pushpinder Singh Virk Director-Overseas 604-503-6601
#206-12888 80th Ave., Surrey (York Business Center)
info@acrossbordervisa.com | www.acrossbordervisa.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle Cases

For over 50 years Simpson, Thomas & Associates (formerly Simpson & Company) have been advocates for victims seeking justice.

A+ Rated BBB. ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



**Adam Ueland**
LAWYER

**Call Adam on 604-689-8888 to set up a complimentary consultation or visit our website at simpsonthomas.com**

We have offices in Vancouver, Surrey/Delta, Abbotsford* and Burnaby.*
*By appointment only

**Caring. Compassionate. Community-Focussed.**

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 09 ISSUE : 06 SATURDAY, 06 FEBRUARY, 2021
www.punjablinkpaper.com 604-503-5465

Harbir Kaur Deol
Notary Public
• Travel Consent Letters
• Statutory Declarations
• Power of Attorney
• Invitation Letters
• Sales & Purchase
• Family Transfer
• Wills & Estate
• Refinancing
• Affidavits
604.503.3060
#110 - 13049 76th Ave., Surrey
BC Notaries info@deolnotary.com

# ਤਿੰਨ ਖੇਤੀ ਕਨੂੰਨਾਂ ਦੇ ਮੁੱਦੇ ਉਪਰ ਵਿਰੋਧੀ ਧਿਰਾਂ ਨੇ ਸੰਸਦ ਵਿਚ ਸਰਕਾਰ ਨੂੰ ਘੇਰਿਆ

## ਤਿੰਨੇ ਕਨੂੰਨ ਵਾਪਸ ਲੈਣ ਲਈ ਪਾਇਆ ਜ਼ੋਰ

ਨਵੀਂ ਦਿੱਲੀ-ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੀਆਂ ਬਰੂਹਾਂ ’ਤੇ ਡਟੇ ਕਿਸਾਨਾਂ ਦੇ ਮੁੱਦੇ ’ਤੇ ਵਿਰੋਧੀ ਪਾਰਟੀਆਂ ਨੇ ਸੰਸਦ ਦੇ ਦੋਵਾਂ ਸਦਨਾਂ ਵਿੱਚ ਸਰਕਾਰ ਨੂੰ ਘੇਰਿਆ। ਹਾਲਾਂਕਿ ਰਾਜ ਸਭਾ ਵਿੱਚ ਵਿਰੋਧੀ ਧਿਰਾਂ ਨੇ ਜੰਮ ਕੇ ਮੋਦੀ ਸਰਕਾਰ ਨੂੰ ਰਗੜੇ ਲਾਏ ਤੇ ਖਰੀਆਂ ਖਰੀਆਂ ਸੁਣਾਈਆਂ। ਵਿਰੋਧੀ ਪਾਰਟੀਆਂ ਨੇ ਇਥੋਂ ਤੱਕ ਆਖ ਦਿੱਤਾ ਕਿ ਸਰਕਾਰ ਕਿਸੇ ਦੀ ਵੀ ਗੱਲ ਸੁਣਨ ਦਾ ਸਬਰ ਗੁਆ ਚੁੱਕੀ ਹੈ ਤੇ ਹਰੇਕ ਵਿਰੋਧੀ ਸੁਰ ਨੂੰ ਦੇਸ਼-ਵਿਰੋਧੀ ਪੁੱਠ ਚਾੜ੍ਹ ਕੇ ‘ਖਾਲਿਸਤਾਨੀ’, ‘ਨਕਸਲੀ’ ਤੇ ‘ਪਾਕਿਸਤਾਨੀ ਏਜੰਟਾਂ’ ਵਰਗੇ ਲਕਬ ਦਿੱਤੇ ਜਾ ਰਹੇ ਹਨ। ਸੰਸਦ ਮੈਂਬਰਾਂ ਨੇ ਕਿਹਾ ਕਿ ਸਰਕਾਰਾਂ ਫ਼ਾਸਲੇ ਘਟਾਉਣ ਲਈ ਹੁੰਦੀਆਂ ਹਨ, ਪਰ ਮੋਦੀ ਸਰਕਾਰ ਸ਼ਾਇਦ ਕੰਧਾਂ ਉਸਾਰਨ ਭਾਵ ਵੰਡੀਆਂ ਪਾਉਣ ਵਿੱਚ ਯਕੀਨ ਰੱਖਦੀ ਹੈ। ਮੈਂਬਰਾਂ ਨੇ ਨੋਟਬੰਦੀ ਲਈ ਵੀ ਮੋਦੀ ਸਰਕਾਰ ਨੂੰ ਘੇਰਿਆ। ਉਧਰ ਲੋਕ ਸਭਾ ਵਿੱਚ ਵਿਰੋਧੀ ਧਿਰਾਂ ਲਗਾਤਾਰ ਤੀਜੇ ਦਿਨ ਤਿੰਨ ਵਿਵਾਦਿਤ ਖੇਤੀ ਕਾਨੂੰਨਾਂ ’ਤੇ ਵੱਖਰੀ ਚਰਚਾ ਦੀ ਆਪਣੀ ਮੰਗ ’ਤੇ ਕਾਇਮ ਰਹੀਆਂ, ਜਿਸ ਕਰਕੇ ਹੇਠਲੇ ਸਦਨ ਦੀ ਕਾਰਵਾਈ ਨੂੰ ਕਈ ਵਾਰ ਮੁਲਤਵੀ ਕਰਨਾ ਪਿਆ। ਉਂਜ ਸਦਨ ਦੀ ਕਾਰਵਾਈ ਦੌਰਾਨ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਜਿੱਥੇ ਸਵਾਲਾਂ ਦੇ ਜਵਾਬ ਦਿੱਤੇ, ਉਥੇ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਆਪਣੇ ਮੰਤਰਾਲੇ ਨਾਲ ਸਬੰਧਤ ਬਿੱਲ ਸਦਨ ਵਿੱਚ ਰੱਖਿਆ।



ਬਜਟ ਇਜਲਾਸ ਦੇ ਤੀਜੇ ਦਿਨ ਰਾਜ ਸਭਾ ਵਿੱਚ ਰਾਸ਼ਟਰਪਤੀ ਦੇ ਭਾਸ਼ਨ ’ਤੇ ਪੇਸ਼ ਧੰਨਵਾਦ ਮਤੇ ’ਤੇ ਹੋਈ ਬਹਿਸ ਦੌਰਾਨ ਰਾਸ਼ਟਰੀ ਜਨਤਾ ਦਲ ਆਰ ਜੇ ਡੀ ਆਗੂ ਮਨੋਜ ਕੁਮਾਰ ਝਾਅ ਨੇ ਕਿਹਾ ਕਿ ਸਰਕਾਰ ਵਿੱਚ ਹੁਣ ਕਿਸੇ ਦੀ ਗੱਲ ਸੁਣਨ ਜਿੰਨਾ ਵੀ ਸਬਰ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਹਰ ਤਰ੍ਹਾਂ ਦੇ ਵਿਰੋਧ/ ਨੁਕਤਾਚੀਨੀ ਨੂੰ ਦੇਸ਼ ਵਿਰੋਧੀ ਰੰਗਤ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ, ‘ਮੈਂ ਹੱਥ ਜੋੜ ਕੇ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਕਿਸਾਨਾਂ ਦੀ ਪੀੜ ਨੂੰ ਸਮਝੋ। ਅਤਿ ਦੀ ਠੰਢ ਵਿੱਚ ਤੁਸੀਂ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ, ਪਖਾਨੇ ਦੀ ਸਹੂਲਤ ਬੰਦ ਕਰ ਦਿੱਤੀ, ਖੱਡਾਂ ਪੁੱਟ ਸੁੱਟੀਆਂ, ਚਾਰ ਚੁਫ਼ੇਰੇ ਕੰਡਿਆਲੀ ਵਾੜਾਂ ਲਾ ਦਿੱਤੀਆਂ ਤੇ ਸੜਕਾਂ ’ਤੇ ਮੇਖਾਂ ਗੱਡੀਆਂ ਜਾ ਰਹੀਆਂ ਹਨ। ਅਜਿਹਾ ਵਤੀਰਾ ਅਪਣਾਉਣ ਬਾਰੇ ਤਾਂ ਅਸੀਂ ਆਪਣੇ ਗੁਆਂਢੀ ਮੁਲਕ, ਜੋ ਅੰਦਰ (ਭਾਰਤੀ ਖੇਤਰ) ਆਣ ਵੜਿਆ ਹੈ, ਬਾਰੇ ਵੀ ਨਹੀਂ ਸੁਣਿਆ।’ ਪੌਪ ਸਟਾਰ ਰਿਹਾਨਾ ਵੱਲੋਂ ਕੀਤੇ ਟਵੀਟ ਦੇ ਹਵਾਲੇ ਨਾਲ ਝਾਅ ਨੇ ਕਿਹਾ ਕਿ ਇਕ ਟਵੀਟ ਨਾਲ ਜਮਹੂਰੀਅਤ ਕਮਜ਼ੋਰ ਹੋਣ ਵਾਲੀ ਨਹੀਂ, ਪਰ ਸਰਕਾਰ ਦੇ ਰਵੱਈਏ ਨਾਲ ਜ਼ਰੂਰ ਹੋ ਸਕਦੀ ਹੈ। ਆਰ. ਜੇ. ਡੀ. ਆਗੂ ਨੇ ਅਡਾਨੀ ਗਰੁੱਪ ਜਿਹੇ ਪ੍ਰਾਈਵੇਟ ਕਾਰਪੋਰੇਟਾਂ ਵੱਲੋਂ ਉਸਾਰੀਆਂ ਕੋਲਡ ਸਟੋਰੇਜ ਚੇਨਾਂ ਤੇ ਗੋਦਾਮਾਂ ਦੇ ਹਵਾਲੇ ਨਾਲ ਕਿਹਾ, ‘ਤੁਹਾਡੀ ਰੀੜ੍ਹ ਦੀ ਹੱਡੀ ਕਿਸਾਨ ਹਨ। 303 ਸੀਟਾਂ (ਪਿਛਲੀਆਂ ਚੋਣਾਂ ’ਚ) ਕੋਲਡ ਸਟੋਰਾਂ ਜਾਂ ਗੋਦਾਮਾਂ ’ਚੋਂ ਨਹੀਂ ਆਈਆਂ ਬਲਕਿ ਇਨ੍ਹਾਂ ਲੋਕਾਂ ਨੇ ਦਿੱਤੀਆਂ ਹਨ। ਅਸੀਂ ਤੁਹਾਡੀ ਹਮਾਇਤ ਕਰਦੇ ਹਾਂ, ਪਰ ਤੁਹਾਡੇ ਖ਼ਿਲਾਫ਼ ਉੱਠਣ ਵਾਲੀ ਹਰ ਆਵਾਜ਼ ਦੇਸ਼ ਵਿਰੋਧੀ ਨਹੀਂ ਹੈ। ਦੇਸ਼ ਭਗਤੀ ਬਾਹਾਂ ਚੜ੍ਹਾਉਣਾ ਨਹੀਂ ਬਲਕਿ ਦਿਲ ਵਿੱਚ ਹੁੰਦੀ ਹੈ।’ ਸਰਕਾਰ ਵੱਲੋਂ ਕਿਸਾਨਾਂ ਨਾਲ ਹੁਣ ਤੱਕ 11 ਗੇੜਾਂ ਦੀ ਗੱਲਬਾਤ ਹੋਣ ਦੇ ਦਿੱਤੇ ਬਿਆਨ ਦੇ ਹਵਾਲੇ ਨਾਲ ਝਾਅ ਨੇ ਕਿਹਾ ਕਿ ਸਰਕਾਰ ਸੰਵਾਦ ਵਿੱਚ ਨਹੀਂ ਇਕਪਾਸੜ ਕਾਰਵਾਈ ਵਿੱਚ ਯਕੀਨ ਰੱਖਦੀ ਹੈ।’

[ਬਾਕੀ ਸਫ਼ਾ 7 ’ਤੇ]

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services



ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAid BC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

UDUPI PALACE
SOUTH INDIAN VEGETARIAN CUISINE
• Dosa
• Idly
• Wada
• Curries
• Biryani
• Pakora
• Thali
• Chole Bhature
ORDER ONLINE
www.udupirestaurant.ca
UBER eats DOORDASH SKIP THE DISHES
Open 7 Days 11:00am to 11pm
778-564-7705
#9 - 13767 72 Ave., Surrey

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Surrey Punjabi Style Pizza
THINK VEGGIE
Think 100% Vegetrian
Time: 11am to 11pm
604-593-1110
#106 - 8077 King George Blvd, Surrey

So Easy
ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਬੀ.ਸੀ. ਦੇ ਲਿਕੁਰ ਸਟੋਰ ਵਿਚ ਉਪਲਬਧ ਹੈ 75 ਹਜ਼ਾਰ ਡਾਲਰ ਦੇ ਮੁੱਲ ਵਾਲੀ ਸਕੌਚ ਵਿਸਕੀ ਦੀ ਬੋਤਲ

ਵਿਕਟੋਰੀਆ-ਕੀ ਤੁਸੀਂ ਵਿਸਕੀ ਦੇ ਸ਼ੌਕੀਨ ਹੈ ਤਾਂ ਤੁਸੀਂ ਜਿੰਨੀ ਛੇਤੀ ਹੋ ਸਕਦਾ ਹੈ 75000 ਡਾਲਰ ਦੀ ਵਿਸਕੀ ਖਰੀਦ ਸਕਦੇ ਹੋ। ਬੀਸੀ ਲੀਕਰ ਡਿਸਟਰੀਬਿਊਸ਼ਨ ਬਰਾਂਚ ਇਕ ਛੋਟੀ ਜਿਹੀ ਖ਼ਾਸ ਚੀਜ਼ ਵਿਚ ਤੁਹਾਡੀ ਮਦਦ ਕਰ ਸਕਦੀ ਹੈ। ਲੀਕਰ ਬਰਾਂਚ ਨੇ ਸੀਮਤ ਮਾਤਰਾ ਵਿਚ ਜਾਰੀ ਕੀਤੀਆਂ 31 ਸਾਲ ਪੁਰਾਣੀ ਬਲੈਕ ਬਾਓਮੋਰ ਡੀਬੀ5 '1964' ਵਿਸਕੀ ਦੀਆਂ 25 ਬੋਤਲਾਂ ਵਿਚੋਂ ਇਕ ਖਰੀਦੀ ਹੈ। ਸਕੌਚ ਵਿਸਕੀ ਜਿਸ 'ਤੇ 74999 ਡਾਲਰ ਦਾ ਟੈਗ ਲੱਗਾ ਹੋਇਆ ਹੈ 1964 ਵਿਚ ਆਈ ਫਿਲਮ ਗੋਲਡਫਿੰਗਰ ਵਿਚ ਜੇਮਸ ਬਾਂਡ ਵਲੋਂ ਚਲਾਈ ਗਈ ਕਾਰ ਐਸਟਨ ਮਾਰਟਿਨ ਡੀਬੀ5 ਦੇ ਅਸਲੀ ਪਿਸਟਨ ਤੋਂ ਬਣੇ ਡਿਕੈਂਟਰ ਵਿਚ ਪੇਸ਼ ਕੀਤੀ ਗਈ ਹੈ। ਇੰਨੀ ਕੀਮਤ ਦੇ ਬਾਵਜੂਦ ਕੋਈ ਵੀ ਇਸ ਨੂੰ ਖਰੀਦ ਨਹੀਂ ਸਕਦਾ ਕਿਉਂਕਿ ਤੁਹਾਨੂੰ ਇਸ ਲਈ ਡਰਾਅ ਜਿੱਤਣਾ ਪਵੇਗਾ। ਵਿਸਕੀ ਵਿਚ ਰੁਚੀ ਰੱਖਣ ਵਾਲੇ 5 ਤੋਂ 7 ਫਰਵਰੀ ਤਕ ਵੈਨਕੂਵਰ ਵਿਚ 39ਵੇਂ ਅਤੇ ਕੈਂਬੀ ਬੀਸੀ ਲੀਕਰ ਸਟੋਰ 5555 ਕੈਂਬੀ ਸਟਰੀਟ ਵਿਖੇ ਡਰਾਅ ਬੌਕਸ ਵਿਚ ਆਪਣਾ ਨਾਂਅ ਦਰਜ ਕਰਵਾ ਸਕਦੇ ਹਨ।

# ਪ੍ਰੀਮੀਅਰ ਕੈਨੀ ਵਲੋਂ ਲੋੜਵੰਦਾਂ ਦੀ ਸਹਾਇਤਾ, ਨਸ਼ਾ ਅਤੇ ਮਾਨਸਿਕ ਸਿਹਤ ਇਲਾਜ ਲਈ 68.5 ਮਿਲੀਅਨ ਡਾਲਰ ਦੀ ਸਹਾਇਤਾ ਦੇਣ ਦਾ ਐਲਾਨ



ਐਡਮਿੰਟਨ-ਪ੍ਰੀਮੀਅਰ ਜੈਸਨ ਕੈਨੀ ਨੇ ਐਲਾਨ ਕੀਤਾ ਕਿ ਅਲਬਰਟਾ ਲਗਾਤਾਰ ਦੇਖਭਾਲ ਤੇ ਕੋਵਿਡ-19 ਸਪਲਾਈ ਖਰਚ ਅਤੇ ਸਟਾਫ ਵਧਾਉਣ ਵਿਚ ਮਦਦ ਲਈ 68.5 ਮਿਲੀਅਨ ਡਾਲਰ ਖਰਚ ਕਰ ਰਿਹਾ ਹੈ। ਇਸ ਵਿਚ 10 ਮਿਲੀਅਨ ਡਾਲਰ ਹੋਮ ਕੇਅਰ ਪ੍ਰੋਵਾਈਡਰਾਂ ਲਈ ਅਤੇ ਲਗਪਗ 10 ਮਿਲੀਅਨ ਰਿਹਾਇਸ਼ੀ ਨਸ਼ੇ ਅਤੇ ਮਾਨਸਿਕ ਸਿਹਤ ਇਲਾਜ ਸਹੂਲਤਾਂ ਨਾਲ ਸਬੰਧਤ ਹਨ। ਕੈਨੀ ਨੇ ਕਿਹਾ ਕਿ ਸਾਡੀ ਲੜਾਈ ਬੜੀ ਲੰਬੀ ਹੈ। ਕੈਨੇਡਾ ਸਮੇਤ ਵਿਸ਼ਵ ਭਰ ਵਿਚ ਛੂਤ ਦੇ ਨਵੇਂ ਵੈਰੀਐਂਟਸ ਉਭਰ ਰਹੇ ਹਨ, ਸਾਨੂੰ ਲਗਾਤਾਰ ਦੇਖਭਾਲ ਵਿਚ ਰਹੇ ਲੋਕਾਂ ਤੇ ਦੂਸਰੀਆਂ ਸਹੂਲਤਾਂ ਅਤੇ ਵਿਅਕਤੀਆਂ ਜਿਨ੍ਹਾਂ ਦੀ ਘਰ ਵਿਚ ਦੇਖਭਾਲ ਹੁੰਦੀ ਹੈ ਦੇ ਬਚਾਅ ਲਈ ਜ਼ਿਆਦਾ ਕੁਝ ਕਰਨ ਦੀ ਲੋੜ ਹੈ। ਉਨ੍ਹਾਂ ਦਾ ਇਹ ਐਲਾਨ ਅਲਬਰਟਾ ਵਿਚ 577 ਐਕਟਿਵ ਮਾਮਲੇ ਸਾਹਮਣੇ ਆਉਣ ਪਿੱਛੋਂ ਆਇਆ ਹੈ। ਸੂਬੇ ਵਿਚ 8355 ਵਿਅਕਤੀ ਸਿਹਤਯਾਬ ਵੀ ਹੋਏ ਹਨ। ਜਦੋਂ ਦੀ ਮਹਾਂਮਾਰੀ ਸ਼ੁਰੂ ਹੋਈ ਹੈ ਉਦੋਂ ਤੋਂ ਕੋਵਿਡ-19 ਨਾਲ 1086 ਲੋਕਾਂ ਦੀ ਮੌਤ ਹੋਈ ਹੈ ਜਿਨ੍ਹਾਂ ਵਿਚੋਂ 1066 ਵਿਅਕਤੀ ਲਾਂਗ ਟਰਮ ਕੇਅਰ ਫੈਸਿਲਟੀਸ ਜਾਂ ਸਹਾਇਕ ਘਰੇਲੂ ਰਿਹਾਇਸ਼ੀ ਥਾਵਾਂ 'ਤੇ ਰਹਿ ਰਹੇ ਸਨ।

# ਨਿਪਾਲ ਦੋ ਭਾਰਤੀ ਪਰਬਤਾਰੋਹੀਆਂ 'ਤੇ ਪਾਬੰਦੀ ਲਾਵੇਗਾ

ਕਠਮੰਡੂ-ਨਿਪਾਲ ਦੋ ਭਾਰਤੀ ਪਰਬਤਾਰੋਹੀਆਂ 'ਤੇ ਮਾਊਂਟ ਐਵਰੈਸਟ ਚੋਟੀ ਸਰ ਕਰਨ ਦੇ ਕਥਿਤ ਝੂਠੇ ਦਾਅਵੇ ਬਦਲੇ ਉਨ੍ਹਾਂ 'ਤੇ ਪਾਬੰਦੀ ਲਾਵੇਗਾ। ਭਾਰਤੀ ਪਰਬਤਾਰੋਹੀਆਂ ਨੇ ਵਿਸ਼ਵ ਦੀ ਸਭ ਤੋਂ ਉੱਚੀ ਚੋਟੀ 'ਤੇ ਜਾਣ ਬਾਰੇ ਫੋਟੋ ਦੇ ਸਬੂਤ ਪੇਸ਼ ਕੀਤੇ ਪਰ ਦੂਸਰੇ ਪਰਬਤਾਰੋਹੀਆਂ ਨੇ ਕਿਹਾ ਕਿ ਤਸਵੀਰ ਜਾਅਲੀ ਲਗਦੀ ਹੈ। ਨਿਊਯਾਰਕ ਟਾਈਮਜ਼ ਮੁਤਾਬਿਕ ਨਿਪਾਲ ਨੇ ਵੈਟਰਨ ਪਰਬਤਾਰੋਹੀਆਂ ਵਲੋਂ ਇਹ ਕਹਿਣ ਕਿ ਉਨ੍ਹਾਂ ਦੀ ਮਾਉਂਟ ਐਵਰੈਸਟ ਦੀ ਚੋਟੀ 'ਤੇ ਜਾਣ ਵਾਲੀ ਤਸਵੀਰ ਜਾਲ੍ਹੀ ਲਗਦੀ ਹੈ ਪਿੱਛੋਂ ਨਿਪਾਲ ਵਲੋਂ ਦੋਵੇਂ ਭਾਰਤੀ ਪਰਬਤਾਰੋਹੀਆਂ 'ਤੇ ਪਾਬੰਦੀ ਲਾਉਣ ਦੀਆਂ ਯੋਜਨਾਵਾਂ ਹਨ। ਨਿਪਾਲੀ ਅਧਿਕਾਰੀਆਂ ਨੇ ਵਿਸ਼ਵ ਦੀ ਸਭ ਤੋਂ ਉੱਚੀ ਚੋਟੀ 'ਤੇ ਪਹੁੰਚਣ ਲਈ ਨਰੇਂਦਰ ਸਿੰਘ ਯਾਦਵ ਤੇ ਸੀਮਾ ਰਾਣੀ ਗੋਸਵਾਮੀ ਨੂੰ ਵਕਾਰੀ ਸਰਟੀਫਿਕੇਟ ਦਿੱਤੇ ਸਨ ਪਰ ਤਜਰਬੇਕਾਰ ਪਰਬਤਾਰੋਹੀਆਂ ਨੂੰ ਉਨ੍ਹਾਂ ਵਲੋਂ ਚੋਟੀ 'ਤੇ ਚੜ੍ਹਨ ਦੇ ਸਬੂਤ ਵਜੋਂ ਪੇਸ਼ ਕੀਤੀ ਤਸਵੀਰ ਸਹੀ ਨਹੀਂ ਲਗਦੀ। ਪਿਛਲੇ ਸਾਲਾਂ ਵਿਚ ਪਰਬਤਾਰੋਹੀਆਂ ਵਲੋਂ ਐਵਰੈਸਟ ਦੀ ਚੋਟੀ 'ਤੇ ਚੜ੍ਹਨ ਦੇ ਜਾਅਲੀ ਦਾਅਵੇ ਕਰਨ ਦਾ ਆਮ ਵਰਤਾਰਾ ਬਣ ਗਿਆ ਹੈ ਕਿਉਂਕਿ ਤਸਵੀਰਾਂ ਨਾਲ ਛੇੜਛਾੜ ਕਰਨਾ ਆਸਾਨ ਹੈ। ਯਾਦਵ ਤੇ ਗੋਸਵਾਮੀ ਦੇ ਐਵਰੈਸਟ ਦੀ ਚੋਟੀ ਦੇ ਹੋਣ ਦੀ ਤਸਵੀਰ ਦੂਸਰੇ ਪਰਬਤਾਰੋਹੀਆਂ ਨਾਲ ਸੋਸ਼ਲ ਮੀਡੀਆ 'ਤੇ ਪਾਏ ਜਾਣ ਪਿੱਛੋਂ ਕਈ ਸਾਬਕਾ ਪਰਬਤਾਰੋਹੀਆਂ ਨੇ ਤੁਰੰਤ ਉਂਗਲੀ ਉਠਾਉਂਦੇ ਹੋਏ ਕਿਹਾ ਕਿ ਤਸਵੀਰ ਜਾਅਲੀ ਲਗਦੀ ਹੈ।

# ਘਰ ਵਿਚ ਦਾਖਲ ਹੋ ਕੇ ਕੀਤੇ ਹਮਲੇ ਵਿਚ ਬਜ਼ੁਰਗ ਔਰਤ ਦੀ ਮੌਤ

ਵਿਕਟੋਰੀਆ-ਵੈਨਕੂਵਰ ਵਿਚ ਇਕ ਘਰ ਵਿਚ ਪੁਲਿਸ ਦੇ ਭੇਸ ਵਿਚ ਦਾਖਲ ਹੋ ਕੇ ਇਕ ਬਜ਼ੁਰਗ ਔਰਤ 'ਤੇ ਹਮਲਾ ਕੀਤਾ ਗਿਆ ਜਿਸ ਦੀ ਹਸਪਤਾਲ ਵਿਚ ਮੌਤ ਹੋ ਗਈ। ਪੁਲਿਸ ਨੇ 78 ਸਾਲਾ ਔਰਤ ਦੇ ਕਤਲ ਵਿਚ 41 ਸਾਲਾ ਪਾਸਕਲ ਬਾਉਥੀਲੀਟ 'ਤੇ ਸੈਕਿੰਡ ਡਿਗਰੀ ਕਤਲ ਜਦਕਿ 47 ਸਾਲਾ ਸੈਂਡੀ ਪੈਰੀਸੀਅਨ 'ਤੇ ਮੈਨਸਲਾਟਰ ਦੇ ਦੋਸ਼ ਲਾਏ ਗਏ ਹਨ। ਦੋ ਵਿਅਕਤੀਆਂ ਜਿਹੜੇ ਪੁਲਿਸ ਦੇ ਭੇਸ ਵਿਚ ਘਰ ਅੰਦਰ ਦਾਖਲ ਹੋਏ ਵਲੋਂ ਕਥਿਤ ਹਮਲਾ ਕਰਨ ਪਿੱਛੋਂ ਕੁਈਨ ਐਲਿਜ਼ਬੈਥ ਪਾਰਕ ਨੇੜੇ ਊਸ਼ਾ ਸਿੰਘ ਆਪਣੇ ਘਰ ਜ਼ਖ਼ਮੀ ਹਾਲਤ ਵਿਚ ਮਿਲੀ ਜਿਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਮੰਗਲਵਾਰ ਉਸ ਦੀ ਮੌਤ ਹੋ ਗਈ। ਪੁਲਿਸ ਨੇ ਖੋਜੀ ਕੁੱਤੇ ਦੀ ਮਦਦ ਨਾਲ ਸਟਰੈਥਕੋਨਾ ਪਾਰਕ ਨੇੜਿਓਂ ਪੈਰੀਸੀਅਨ ਨੂੰ ਹਿਰਾਸਤ ਵਿਚ ਲਿਆ ਗਿਆ ਸੀ। ਪੁਲਿਸ ਨੇ ਸਟਰੈਥਕੋਨਾ ਪਾਰਕ ਵਿਚ ਤਲਾਸ਼ੀ ਵਾਰੰਟ ਦੀ ਵੀ ਤਾਮੀਲ ਕੀਤੀ ਜਿਥੇ ਉਨ੍ਹਾਂ ਦਾ ਲਗਪਗ 50 ਲੋਕਾਂ ਦੀ ਭੀੜ ਨਾਲ ਮੁਕਾਬਲਾ ਹੋਇਆ। ਪਾਰਕ ਵਿਚ ਜੂਨ ਮਹੀਨੇ ਤੋਂ ਬੇਘਰੇ ਲੋਕਾਂ ਦਾ ਕੈਂਪ ਸਥਾਪਤ ਕੀਤਾ ਹੋਇਆ ਹੈ। ਬਾਊਥਲੀਟ ਨੂੰ ਮੇਨ ਸਟਰੀਟ ਅਤੇ ਟਰਮੀਨਲ ਨੇੜਿਓਂ ਗ੍ਰਿਫ਼ਤਾਰ ਕੀਤਾ ਗਿਆ ਜਿਥੇ ਉਹ ਇਕ ਟਰੇਲਰ ਵਿਚ ਰਹਿੰਦਾ ਹੈ।


DREAMCAN
IMMIGRATION CONSULTING LTD.
"Giving wings to your dreams"

- LMIA • PNP
- Express Entry
- Student Visa
- Work Permit
- Visitor Visa
- Super Visa
- Citizenship
- Family Sponsorship
- Care Giver (Nanny)
- Refugee and Humanitarian

ਅਸੀਂ ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ

ਇਸ ਐਡ ਦਾ ਵੇਰਵਾ ਦੇਣ ਤੇ ਖਾਸ ਡਿਸਕਾਂਊਟ

- ਐਲ.ਐਮ ਆਈ ਏ
- ਪੀ.ਐਨ.ਪੀ
- ਐਕਸਪ੍ਰੈਸ ਐਂਟਰੀ
- ਸੱਟਡੀ ਪਰਮਿਟ
- ਵਰਕ ਪਰਮਿਟ
- ਵਿਜ਼ਟਰ ਵੀਜ਼ਾ
- ਸੁਪਰ ਵੀਜ਼ਾ
- ਸਿਟੀਜ਼ਨਸ਼ਿਪ
- ਫੈਮਲੀ ਸਪਾਂਸਰਸ਼ਿਪ
- ਨੈਨੀ
- ਰਿਫਿਊਜ਼ੀ (ਸ਼ਰਨਾਰਥੀ)

Loveleen Kaur Walia
Ph.D., RCIC
Regulated Canadian Immigration Consultant
604-598-8000
CAPIC ACCP
A member in good standing of CAPIC
#204 - 9093 King George Blvd., Surrey
info@dreamcan.ca | www.dreamcan.ca



UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com



JJB INSURANCE
BBB ACCREDITED BUSINESS
Sarban Singh Sidhu
604-507-6866 #1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



HOUSE INSURANCE
UP TO 65% DISCOUNT AVAILABLE
*RATES SUBJECT TO CHANGE WITHOUT ANY NOTICE
THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa
- ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Ask for Special Rate for Super Visa Insurance
Money Back upon Visa Declined
Wawanesa Insurance
Call Us Before You Renew / Buy Any Insurance Lien & Accident Search Available

# ਬੇਅਦਬੀ ਮਾਮਲੇ ਸਬੰਧੀ ਸੀ.ਬੀ.ਆਈ. ਨੇ ਫਾਈਲਾਂ ਪੰਜਾਬ ਪੁਲੀਸ ਨੂੰ ਸੌਂਪੀਆਂ

ਚੰਡੀਗੜ੍ਹ-ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਬੇਅਦਬੀ ਮਾਮਲਿਆਂ ਨਾਲ ਸਬੰਧਤ ਦਸਤਾਵੇਜ਼ ਪੰਜਾਬ ਪੁਲੀਸ ਨੂੰ ਸੌਂਪ ਦਿੱਤੇ ਹਨ। ਸੀਬੀਆਈ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਤੈਅ ਕੀਤੀ ਤਾਰੀਕ ਤੋਂ ਕੁਝ ਘੰਟੇ ਪਹਿਲਾਂ ਹੀ ਇਹ ਰਿਕਾਰਡ ਪੰਜਾਬ ਪੁਲੀਸ ਦੇ ਹਵਾਲੇ ਕੀਤਾ ਹੈ। ਬਿਊਰੋ ਆਫ਼ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਨੇ 18 ਜਨਵਰੀ, 2021 ਨੂੰ ਸੀਬੀਆਈ ਦੇ ਡਾਇਰੈਕਟਰ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਸੀਬੀਆਈ ਤੋਂ ਬੇਅਦਬੀ ਮਾਮਲਿਆਂ ਦੀ ਜਾਂਚ ਵਾਪਸ ਲੈਣ ਤੋਂ ਬਾਅਦ ਬਿਨਾਂ ਕਿਸੇ ਦੇਰੀ ਤੋਂ ਸੂਬਾ ਸਰਕਾਰ ਨੂੰ ਸਮੁੱਚਾ ਰਿਕਾਰਡ ਵਾਪਸ ਕੀਤਾ ਜਾਵੇ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮਾਮਲੇ 'ਚ ਅੱਜ ਸ਼੍ਰੋਮਣੀ ਅਕਾਲੀ ਦਲ 'ਤੇ ਨਿਸ਼ਾਨਾ ਲਾਇਆ ਹੈ। ਉਨ੍ਹਾਂ ਆਖਿਆ ਕਿ ਰਿਕਾਰਡ ਵਾਪਸੀ ਤੋਂ ਸਾਬਤ ਹੋ ਗਿਆ ਕਿ ਅਕਾਲੀ ਦਲ ਇਨ੍ਹਾਂ ਮਾਮਲਿਆਂ ਵਿੱਚ ਆਪਣੀ ਮਿਲੀਭੁਗਤ ਜ਼ਾਹਿਰ ਹੋਣ 'ਤੇ ਪਰਦਾ ਪਾਈ ਰੱਖਣ ਲਈ ਇਸ ਕਾਰਵਾਈ ਵਿੱਚ ਅੜਿੱਕੇ ਪਾ ਰਿਹਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਉਨ੍ਹਾਂ ਦੀ ਸਰਕਾਰ ਦੇ ਉਸ ਸਟੈਂਡ ਦੀ ਵੀ ਪੁਸ਼ਟੀ ਹੋ ਗਈ ਕਿ ਇਨ੍ਹਾਂ ਸਾਰੇ ਮਹੀਨਿਆਂ ਦੌਰਾਨ ਸੀਬੀਆਈ ਵੱਲੋਂ ਅਕਾਲੀ ਦਲ ਦੇ ਇਸ਼ਾਰੇ 'ਤੇ ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਦੁਆਰਾ ਕੀਤੀ ਜਾ ਰਹੀ ਜਾਂਚ ਵਿੱਚ ਰੁਕਾਵਟਾਂ ਖੜ੍ਹੀਆਂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ ਕਿਉਂ ਜੋ ਸਤੰਬਰ, 2020 ਤੱਕ ਅਕਾਲੀ ਦਲ ਕੇਂਦਰ ਵਿੱਚ ਐੱਨਡੀਏ ਦਾ ਭਾਈਵਾਲ ਸੀ। ਅਮਰਿੰਦਰ ਸਿੰਘ ਨੇ ਕਿਹਾ ਕਿ ਹੁਣ ਇਹ ਸਪੱਸ਼ਟ ਹੋ ਗਿਆ ਕਿ ਹਰਸਿਮਰਤ ਬਾਦਲ, ਕੇਂਦਰੀ ਮੰਤਰੀ ਦੇ ਨਾਤੇ ਕੇਂਦਰੀ ਜਾਂਚ ਏਜੰਸੀ ਉਪਰ ਦਬਾਅ ਬਣਾ ਰਹੀ ਸੀ ਕਿ ਕੇਸ ਨਾਲ ਜੁੜੀਆਂ ਫਾਈਲਾਂ ਪੰਜਾਬ ਪੁਲੀਸ ਨੂੰ ਨਾ ਸੌਂਪ ਕੇ ਐੱਸਆਈਟੀ ਦੀ ਜਾਂਚ ਵਿੱਚ ਅੜਿੱਕੇ ਡਾਹੇ ਜਾਣ ਕਿਉਂ ਜੋ ਉਹ ਇਹ ਗੱਲ ਜਾਣਦੇ ਹਨ ਕਿ ਜੇਕਰ ਪੁਲੀਸ ਜਾਂਚ ਨੂੰ ਕਾਨੂੰਨੀ ਨਤੀਜੇ 'ਤੇ ਲੈ ਗਈ ਤਾਂ ਇਸ ਸਮੁੱਚੇ ਘਟਨਾਕ੍ਰਮ ਵਿੱਚ ਉਨ੍ਹਾਂ ਦੀ ਪਾਰਟੀ ਦੀ ਭੂਮਿਕਾ ਬੇਪਰਦ ਹੋ ਜਾਵੇਗੀ। ਉਨ੍ਹਾਂ ਐਲਾਨ ਕੀਤਾ ਕਿ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ, ਭਾਵੇਂ ਉਹ ਕਿਸੇ ਵੀ ਸਿਆਸੀ ਧਿਰ ਨਾਲ ਸਬੰਧਤ ਹੋਵੇ। ਉਨ੍ਹਾਂ ਕਿਹਾ ਕਿ ਹਾਈ ਕੋਰਟ ਵੱਲੋਂ ਜਨਵਰੀ, 2019 ਵਿੱਚ ਸੂਬਾ ਸਰਕਾਰ ਦੇ ਫੈਸਲੇ ਨੂੰ ਬਰਕਰਾਰ ਰੱਖੇ ਜਾਣ ਤੋਂ ਬਾਅਦ ਵੀ ਸੀਬੀਆਈ ਵੱਲੋਂ ਇਸ ਮਾਮਲੇ ਨਾਲ ਸਬੰਧਤ ਡਾਇਰੀਆਂ ਸੌਂਪਣ ਤੋਂ ਇਨਕਾਰ ਕਰ ਦਿੱਤਾ ਗਿਆ ਅਤੇ ਫਰਵਰੀ, 2020 ਵਿੱਚ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੰਦੀ ਸੀਬੀਆਈ ਦੀ ਅਪੀਲ ਰੱਦ ਕਰ ਦਿੱਤੀ। ਮੁੱਖ ਮੰਤਰੀ ਨੇ ਸਵਾਲ ਕੀਤਾ, "ਅਕਾਲੀ, ਜੋ ਕਿ ਜਾਂਚ ਪੂਰੀ ਹੋਣ ਨਹੀਂ ਦੇਣਾ ਚਾਹੁੰਦੇ ਸਨ, ਵੱਲੋਂ ਸਿਆਸੀ ਦਬਾਅ ਪਾਏ ਜਾਣ ਤੋਂ ਬਿਨਾਂ ਸੀਬੀਆਈ ਕੋਲ ਇਸ ਤਰ੍ਹਾਂ ਵਿਵਹਾਰ ਕਰਨ ਦਾ ਕੀ ਕਾਰਨ ਹੋ ਸਕਦਾ ਹੈ।"

## ਬਹਿਬਲ ਗੋਲੀ ਕਾਂਡ: ਸੈਣੀ ਤੇ ਉਮਰਾਨੰਗਲ ਨੂੰ ਗ੍ਰਿਫ਼ਤਾਰੀ ਦਾ ਖ਼ਤਰਾ

ਫ਼ਰੀਦਕੋਟ (ਜਸਵੰਤ ਜੱਸ): ਬਹਿਬਲ ਗੋਲੀ ਕਾਂਡ ਵਿੱਚ ਪੰਜਾਬ ਦੇ ਸਾਬਕਾ ਡੀਜੀਪੀ ਸੁਮੇਧ ਸੈਣੀ ਅਤੇ ਮੁਅੱਤਲ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਨੇ ਇੱਥੇ ਸੈਸ਼ਨ ਜੱਜ ਸੁਮੀਤ ਮਲਹੋਤਰਾ ਦੀ ਅਦਾਲਤ ਵਿੱਚ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਦਾਇਰ ਕਰਕੇ ਖ਼ਦਸ਼ਾ ਪ੍ਰਗਟਾਇਆ ਹੈ ਕਿ ਬਹਿਬਲ ਗੋਲੀ ਕਾਂਡ ਵਿੱਚ ਵਿਸ਼ੇਸ਼ ਜਾਂਚ ਟੀਮ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨਾ ਚਾਹੁੰਦੀ ਹੈ, ਇਸ ਲਈ ਉਨ੍ਹਾਂ ਦੀ ਗ੍ਰਿਫ਼ਤਾਰੀ ਉੱਪਰ ਚੱਲਦੇ ਮੁਕੱਦਮੇ ਤੱਕ ਰੋਕ ਲਾਈ ਜਾਵੇ। ਅਦਾਲਤ ਨੇ ਸਾਬਕਾ ਡੀਜੀਪੀ ਸੈਣੀ ਅਤੇ ਉਮਰਾਨੰਗਲ ਦੀ ਦਰਖਾਸਤ 'ਤੇ ਪੰਜਾਬ ਸਰਕਾਰ ਤੇ ਵਿਸ਼ੇਸ਼ ਜਾਂਚ ਟੀਮ ਨੂੰ 8 ਫਰਵਰੀ ਲਈ ਨੋਟਿਸ ਜਾਰੀ ਕੀਤਾ ਹੈ। ਉਸ ਦਿਨ ਇਨ੍ਹਾਂ ਦੋਹਾਂ ਨੂੰ ਪੇਸ਼ਗੀ ਜ਼ਮਾਨਤ ਦੇਣ ਬਾਰੇ ਕੋਈ ਫੈਸਲਾ ਹੋਣ ਦੀ ਸੰਭਾਵਨਾ ਹੈ।

## ਮੈਪਲ ਰਿਜ ਸਕੂਲ ਵਿਚ ਸਮੂਹਿਕ ਟੈਸਟਿੰਗ ਵਿਚ ਯੂ ਕੇ ਵੈਰੀਐਂਟ ਸਾਹਮਣੇ ਨਹੀਂ ਆਇਆ-ਬੀ ਸੀ 'ਚ 414 ਨਵੇਂ ਮਾਮਲੇ ਦਰਜ

ਵਿਕਟੋਰੀਆ-ਗੈਰੀਬਾਲਡੀ ਸੈਕੰਡਰੀ ਸਕੂਲ ਦੇ ਵਿਦਿਆਰਥੀ ਅਤੇ ਸਟਾਫ ਰਾਹਤ ਭਰਿਆ ਸਾਹ ਲੈ ਸਕਦਾ ਹੈ ਕਿਉਂਕਿ ਵੱਡੀ ਪੱਧਰ 'ਤੇ ਕੀਤੀ ਗਈ ਟੈਸਟਿੰਗ ਵਿਚ ਖੁਲਾਸਾ ਹੋਇਆ ਕਿ ਮੈਪਲ ਰਿਜ ਸਕੂਲ ਵਿਚ ਕੋਵਿਡ-19 ਦਾ ਯੂਕੇ ਵੈਰੀਐਂਟ ਮੌਜੂਦ ਨਹੀਂ। ਸਕੂਲ ਵਿਚ ਵੱਡੇ ਪੱਧਰ 'ਤੇ ਟੈਸਟਿੰਗ ਵਿਚ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਚਿੰਤਾ ਦਾ ਕਾਰਨ ਬਣਿਆਂ ਵਿਅਕਤੀ ਜਿਸ ਦੇ ਗੈਰੀਬਾਲਡੀ ਸੈਕੰਡਰੀ ਸਕੂਲ ਵਿਖੇ ਕਿਸੇ ਨਾਲ ਨੇੜਲਾ ਸੰਪਰਕ ਸੀ ਯੂਕੇ ਵੈਰੀਐਂਟ ਜਿਹੜਾ ਬੀ 1.1.7, ਕਰਕੇ ਜਾਣਿਆਂ ਜਾਂਦਾ ਹੈ ਸਕੂਲ ਵਿਚ ਕਿਸੇ ਹੋਰ ਦੇ ਸਰੀਰ ਵਿਚ ਦਾਖਲ ਨਹੀਂ ਹੋਇਆ। ਸਿਹਤ ਮੰਤਰੀ ਐਡਰੀਅਨ ਡਿਕਸ ਤੇ ਡਾ. ਬੋਨੀ ਹੈਨਰੀ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਕਿ 81 ਵਿਦਿਆਰਥੀਆਂ ਤੇ 8 ਅਧਿਆਪਕਾਂ ਦਾ ਟੈਸਟ ਕੀਤਾ ਗਿਆ ਹੈ ਅਤੇ ਸਾਰਿਆਂ ਦਾ ਟੈਸਟ ਨੈਗੇਟਿਵ ਆਇਆ ਹੈ।

## ਨਸਲਵਾਦ ਦੇ ਖਿਲਾਫ ਤੇ ਵਰਕਰਾਂ ਦੇ ਹੱਕਾਂ ਲਈ ਜੂਝਣ ਵਾਲੇ ਚਰਨ ਗਿੱਲ ਦਾ ਦਿਹਾਂਤ

ਵਿਕਟੋਰੀਆ-ਨਸਲਵਾਦ ਦੇ ਖਿਲਾਫ ਤੇ ਕਿਸਾਨਾਂ ਦੇ ਹੱਕਾਂ ਲਈ ਜੂਝਣ ਵਾਲੇ ਚਰਨਪਾਲ ਗਿੱਲ ਦਾ 84 ਸਾਲ ਦੀ ਉਮਰ ਵਿਚ ਕੈਂਸਰ ਦੀ ਬਿਮਾਰੀ ਨਾਲ ਦਿਹਾਂਤ ਹੋ ਗਿਆ। ਬੀ ਸੀ ਲੈਜਿਸਲੇਚਰ ਦੇ ਸਪੀਕਰ ਰਾਜ ਚੌਹਾਨ ਨੂੰ ਆਪਣੇ ਕਾਰਕੁਨ ਦੋਸਤ ਚਰਨ ਗਿੱਲ ਦੀ ਚਾਰ ਦਹਾਕੇ ਪਹਿਲਾਂ ਆਈ ਫੋਨ ਕਾਲ ਅਜੇ ਵੀ ਯਾਦ ਹੈ। ਚੌਹਾਨ ਦੱਸਦੇ ਹਨ ਕਿ ਗਿੱਲ ਜਿਹੜੇ ਉਨ੍ਹਾਂ ਨਾਲ ਕੈਨੇਡੀਅਨ ਫਾਰਮ ਵਰਕਰਜ ਯੂਨੀਅਨ ਦੇ ਬਾਨੀ ਸਨ ਨੇ ਉਸ ਨੂੰ ਦੱਸਿਆ ਕਿ ਫਰੇਜ਼ਰ ਵੈਲੀ ਫਾਰਮ ਵਿਚ ਕੈਬਿਨਾਂ ਵਿਚ ਰਹਿੰਦੇ ਕੁਝ ਵਰਕਰਾਂ ਨਾਲ ਉਨ੍ਹਾਂ ਦੇ ਮਾਲਕ ਵਲੋਂ ਮਾੜਾ ਵਿਵਹਾਰ ਕੀਤਾ ਜਾ ਰਿਹਾ ਸੀ ਅਤੇ ਮਦਦ ਲਈ ਤੁਰੰਤ ਲੋੜ ਸੀ। ਉਸ ਨੇ ਕਿਹਾ ਕਿ ਆਉ ਉਨ੍ਹਾਂ ਦੀ ਮਦਦ ਲਈ ਚੱਲੀਏ। ਅਸੀਂ ਉਨ੍ਹਾਂ ਦੀ ਕਾਰ ਵਿਚ ਤੁਰੰਤ ਬੈਠ ਗਏ ਅਤੇ ਲਗਪਗ ਅੱਧੀ ਰਾਤ ਉਨਾਂ ਨੌਜਵਾਨਾਂ ਦੀ ਮਦਦ ਲਈ ਪਹੁੰਚ ਗਏ। ਉਹ ਇਸ ਤਰ੍ਹਾਂ ਦਾ ਵਿਅਕਤੀ ਸੀ। ਇਹ ਗੱਲ ਉਨ੍ਹਾਂ ਲਈ ਕੋਈ ਅਰਥ ਨਹੀਂ ਰੱਖਦੀ ਸੀ ਕਿ ਸਮਾਂ ਕਿਹੜਾ ਹੈ। ਜੇਕਰ ਕਿਸੇ ਨੇ ਮਦਦ ਮੰਗੀ ਤਾਂ ਉਹ ਜਾਣ ਲਈ ਤਿਆਰ ਹੋ ਜਾਂਦੇ। ਚੌਹਾਨ ਨੇ ਗਿੱਲ ਦੀ ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। 80 ਦੇ ਦਹਾਕੇ ਵਿਚ ਉਹ ਵੈਨਕੂਵਰ ਵਿਚ ਲੜੀਵਾਰ ਨਸਲੀ ਘਟਨਾਵਾਂ ਖਿਲਾਫ ਵੀ ਲੜਦੇ ਰਹੇ।

## ਬੀ. ਸੀ. ਸੂਬੇ ਵਲੋਂ ਭੰਗ ਦੀ ਕਮਾਈ ਨਾਲ ਜੁੜੀ ਤਿੰਨ ਪ੍ਰਾਪਰਟੀ ਨੂੰ ਜ਼ਬਤ ਕਰਨ ਲਈ ਪੈਰਵੀ

ਵੈਨਕੂਵਰ-ਬ੍ਰਿਟਿਸ਼ ਕੋਲੰਬੀਆ 2020 ਵਿਚ ਕੈਲਗਰੀ ਪੁਲਿਸ ਦੀ ਜਾਂਚ ਵਿਚ ਐਬਟਸਫੋਰਡ ਵਿਚ ਗੈਰਕਾਨੂੰਨੀ ਤੌਰ 'ਤੇ ਭੰਗ ਉਗਾਉਣ ਦਾ ਪਰਦਾ ਫਾਸ਼ ਕਰਨ ਨਾਲ ਜੁੜੀ ਜਾਇਦਾਦ ਨੂੰ ਜ਼ਬਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਪੁਲਿਸ ਨੇ ਇਸ ਜਾਂਚ ਦੇ ਸਿੱਟੇ ਵਜੋਂ 2.5 ਟਨ ਭੰਗ ਬਰਾਮਦ ਕੀਤੀ ਸੀ। ਬੀਸੀ ਅਸੈਸਮੈਂਟ ਅਥਾਰਟੀ ਰਿਕਾਰਡਸ ਮੁਤਾਬਿਕ ਤਿੰਨ ਜਾਇਦਾਦਾਂ ਜਿਨ੍ਹਾਂ ਵਿਚ ਦੋ ਫਾਰਮ ਐਬਟਸਫੋਰਡ ਵਿਚ ਹਨ ਅਤੇ ਇਕ ਵੈਨਕੂਵਰ ਡਾਉਨਟਾਉਨ ਈਸਟਸਾਈਡ ਪ੍ਰਾਪਟੀ ਹੈ ਜਿਨ੍ਹਾਂ ਦੀ ਕੁਲ ਕੀਮਤ 4.25 ਮਿਲੀਅਨ ਡਾਲਰ ਹੈ। ਬੀਸੀ ਸੁਪਰੀਮ ਕੋਰਟ ਵਿਚ 22 ਜਨਵਰੀ ਨੂੰ ਬੀਸੀ ਫੋਰਫੀਚਰ ਆਫਿਸ ਵਲੋਂ ਦਾਇਰ ਅਰਜ਼ੀ ਵਿਚ ਕਿਹਾ ਕਿ ਤਿੰਨੇ ਜਾਇਦਾਦਾਂ ਅਪਰਾਧ ਦੀ ਕਮਾਈ ਨਾਲ ਬਣਾਈਆਂ ਗਈਆਂ ਹਨ। ਫੋਰਫੀਚਰ ਕਲੇਮ ਵਿਚ ਐਬਟਸਫੋਰਡ ਦੇ ਵਾਸੀਆਂ ਲੌਰੈਂਸ ਲੈਮ, ਰਮੇਸ਼ ਹੰਸਰਾਜ ਅਤੇ ਪੂਰਨਿਮਾ ਦੇਵੀ ਹੰਸਰਾਜ ਅਤੇ ਵੈਨਕੂਵਰ ਵਾਸੀ ਪਰੈਸਟੋ ਮੋਮੇਨੀ ਦੇ ਨਾਂਅ ਸ਼ਾਮਿਲ ਹਨ। ਫੋਰਫੀਚਰ ਕਲੇਮ ਵਿਚ ਲਾਏ ਦੋਸ਼ਾਂ ਦੀ ਸੂਚੀ ਵਿਚ ਭੰਗ ਦਾ ਗੈਰਕਾਨੂੰਨੀ ਉਤਪਾਦਨ ਕਰਨਾ, ਕੋਲ ਰੱਖਣਾ ਤੇ ਸਮੱਗਲਿੰਗ ਕਰਨੀ ਸ਼ਾਮਿਲ ਹੈ। ਮੁੱਦਾਲਾ 'ਤੇ ਮਨੀ ਲਾਂਡਰਿੰਗ ਅਤੇ ਟੈਕਸ ਲੱਗਣਯੋਗ ਆਮਦਨ ਦਾ ਖੁਲਾਸਾ ਨਾ ਕਰਨ ਦੇ ਵੀ ਦੋਸ਼ ਹਨ।

## ਕੋਵਿਡ-19 ਵੈਰੀਐਂਟ ਮਾਮਲਿਆਂ ਦੇ ਨੇੜਲੇ ਸੰਪਰਕਾਂ ਨੂੰ 24 ਦਿਨ ਇਕਾਂਤਵਾਸ ਦੀ ਪੈ ਸਕਦੀ ਹੈ ਲੋੜ

ਐਡਮਿੰਟਨ-ਡਾ. ਡੀਨਾ ਹਿੰਸ਼ਾਅ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਦਾ ਕੋਵਿਡ-19 ਵੈਰੀਐਂਟਸ ਲਈ ਟੈਸਟ ਪਾਜ਼ੇਟਿਵ ਆਏ ਹਨ ਉਨ੍ਹਾਂ ਦੇ ਨੇੜਲੇ ਸੰਪਰਕ ਵਾਲੇ ਲੋਕਾਂ ਨੂੰ 24 ਦਿਨ ਤਕ ਇਕਾਂਤਵਾਸ ਰਹਿਣ ਦੀ ਲੋੜ ਪੈ ਸਕਦੀ ਹੈ। ਹਿੰਸ਼ਾਅ ਨੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਜਿਹੜਾ ਬਿਮਾਰ ਸੀ ਨੇ ਸਰਕਾਰ ਦੇ ਪ੍ਰਵਾਣਤ ਹੋਟਲਾਂ ਦੀ ਬਜਾਏ ਘਰ ਵਿਚ ਰਹਿਣ ਦੀ ਚੋਣ ਕੀਤੀ ਤਾਂ ਉਸ ਦੇ ਸੰਪਰਕ ਵਾਲੇ ਪਰਿਵਾਰਕ ਮੈਂਬਰਾਂ ਨੂੰ ਲੰਬਾ ਸਮਾਂ ਇਕਾਂਤਵਾਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਰੋਜ਼ਾਨਾ ਦੀ ਤਾਜ਼ਾ ਜਾਣਕਾਰੀ ਵਿਚ ਕਿਹਾ ਕਿ ਜੇਕਰ ਲੋਕ ਇਕਾਂਤਵਾਸ ਸਮੇਂ ਦੌਰਾਨ ਘਰ ਰਹਿਣ ਦੀ ਗੱਲ ਚੁਣਦੇ ਹਨ ਤਾਂ ਉਨ੍ਹਾਂ ਦੇ ਪਰਿਵਾਰ ਦੇ ਸੰਪਰਕ ਵਾਲੇ ਮੈਂਬਰਾਂ ਨੂੰ ਹੁਣ ਮਾਮਲੇ ਦੇ ਇਕਾਂਤਵਾਸ ਖਤਮ ਹੋਣ ਤੋਂ 14 ਦਿਨ ਤਕ ਇਕਾਂਤਕਵਾਸ ਜਾਂ ਕੁਲ 24 ਦਿਨ ਤਕ ਘਰ ਇਕਾਂਤਵਾਸ ਰਹਿਣਾ ਪਵੇਗਾ।

Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.

604-449-7500

RANDHAWA MINHAS LLP

PERSONAL INJURY LAWYERS

T 604-449-7500 F 604-449-7501

msr@randhawalaw.ca www.randhawalaw.ca


205-7134 King George Boulevard, Surrey, BC V3W 5A3

# ਦਿੱਲੀ ਪੁਲਿਸ ਵੱਲੋਂ ਕੇਸ ਦਰਜ

ਨਵੀਂ ਦਿੱਲੀ-ਦਿੱਲੀ ਪੁਲੀਸ ਨੇ ਇਕ ਪ੍ਰੈਸ ਕਾਨਫਰੰਸ ਕਰਦਿਆਂ ਕਿਹਾ ਕਿ ਉਸ ਨੇ ਵਾਤਾਵਰਨ ਕਾਰਕੁਨ ਗ੍ਰੇਟਾ ਥਨਬਰਗ ਤੇ ਹੋਰਨਾਂ ਲੋਕਾਂ ਵੱਲੋਂ ਟਵਿੱਟਰ 'ਤੇ ਸਾਂਝੇ ਕੀਤੇ ਗਏ ਇੱਕ ਟੂਲ ਕਿੱਟ ਦੇ ਸਬੰਧ 'ਚ ਅਣਪਛਾਤੇ ਲੋਕਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਵਿਸ਼ੇਸ਼ ਪੁਲੀਸ ਕਮਿਸ਼ਨਰ (ਅਪਰਾਧ) ਪ੍ਰਵੀਰ ਰੰਜਨ ਨੇ ਕਿਹਾ ਕਿ ਮੁੱਢਲੀ ਜਾਂਚ 'ਚ ਸੰਕੇਤ ਮਿਲੇ ਹਨ ਕਿ ਇਸ ਦਸਤਾਵੇਜ਼ ਦਾ ਸਬੰਧ ਖਾਲਿਸਤਾਨੀ ਧੜੇ ਨਾਲ ਹੈ। ਇਸ ਵਿਚ ਦੇਸ਼ 'ਚ ਸਮਾਜਿਕ ਭਾਈਚਾਰਾ ਵਿਗਾੜਨ ਦੀ ਗੱਲ ਕਹੀ ਗਈ ਸੀ। ਉਨ੍ਹਾਂ ਕਿਹਾ ਕਿ ਅਪਰਾਧਿਕ ਸਾਜ਼ਿਸ਼, ਦੇਸ਼ ਧਰੋਹ ਤੇ ਹੋਰਨਾਂ ਦੋਸ਼ਾਂ ਹੇਠ ਇਸ ਦੇ ਲੇਖਕ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਥਨਬਰਗ ਖ਼ਿਲਾਫ਼ ਕੇਸ ਦਰਜ ਕਰਨ ਬਾਰੇ ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਕਿਸੇ ਨੂੰ ਵੀ ਨਾਜ਼ਮਦ ਨਹੀਂ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਦਿਨੇ ਅਜਿਹੀਆਂ ਖ਼ਬਰਾਂ ਸਾਹਮਣੇ ਆਈਆਂ ਸਨ ਕਿ ਕਿਸਾਨ ਅੰਦੋਲਨ ਦੀ ਹਮਾਇਤ 'ਚ ਕੀਤੇ ਗਏ ਟਵੀਟਾਂ ਦਾ ਨੋਟਿਸ ਲੈਂਦਿਆਂ ਦਿੱਲੀ ਪੁਲੀਸ ਨੇ ਗ੍ਰੇਟਾ ਥਨਬਰਗ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਦਿੱਲੀ ਪੁਲੀਸ ਵੱਲੋਂ ਕੇਸ ਦਰਜ ਕੀਤੇ ਜਾਣ ਦੀ ਖ਼ਬਰ ਤੋਂ ਬਾਅਦ ਗ੍ਰੇਟਾ ਨੇ ਇੱਕ ਹੋਰ ਟਵੀਟ ਕਰਦਿਆਂ ਕਿਹਾ, 'ਮੈਂ ਅਜੇ ਵੀ ਕਿਸਾਨਾਂ ਨਾਲ ਖੜ੍ਹੀ ਹਾਂ ਤੇ ਸ਼ਾਂਤਮਈ ਪ੍ਰਦਰਸ਼ਨ ਦੀ ਹਮਾਇਤ ਕਰਦੀ ਹਾਂ। ਨਫ਼ਰਤ, ਧਮਕੀਆਂ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਇਸ ਨੂੰ ਬਦਲ ਨਹੀਂ ਸਕਦੀਆਂ।'

# ਬਾਇਡਨ ਸਰਕਾਰ ਵਲੋਂ ਖੇਤੀ ਸੁਧਾਰਾਂ ਦਾ ਸਵਾਗਤ ਪਰ ਕਿਸਾਨਾਂ ਨਾਲ ਗੱਲਬਾਤ ਕਰਨ ਉਪਰ ਵੀ ਜ਼ੋਰ

ਵਾਸ਼ਿੰਗਟਨ-ਅਮਰੀਕਾ ਦੇ ਬਾਇਡਨ ਪ੍ਰਸ਼ਾਸਨ ਨੇ ਮੋਦੀ ਸਰਕਾਰ ਵੱਲੋਂ ਖੇਤੀ ਸੁਧਾਰਾਂ ਦੇ ਨਾਂ 'ਤੇ ਲਿਆਂਦੇ ਕਾਨੂੰਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਨਾ ਸਿਰਫ਼ ਭਾਰਤੀ ਬਾਜ਼ਾਰਾਂ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਹੋਵੇਗਾ, ਬਲਕਿ ਨਿੱਜੀ ਖੇਤਰ ਨੂੰ ਨਿਵੇਸ਼ ਦਾ ਖੁੱਲ੍ਹਾ ਮੌਕਾ ਮਿਲੇਗਾ। ਦਿੱਲੀ ਦੀਆਂ ਬਰੂਹਾਂ 'ਤੇ ਖੇਤੀ ਕਾਨੂੰਨਾਂ ਖਿਲਾਫ਼ ਡਟੇ ਕਿਸਾਨਾਂ ਦੇ ਹਵਾਲੇ ਨਾਲ ਬਾਇਡਨ ਪ੍ਰਸ਼ਾਸਨ ਨੇ ਕਿਹਾ ਕਿ ਅਮਨ-ਅਮਾਨ ਨਾਲ ਕੀਤੇ ਜਾਣ ਵਾਲੇ ਪ੍ਰਦਰਸ਼ਨ ਵਧ-ਫੁੱਲ ਰਹੀ ਜਮਹੂਰੀਅਤ ਦਾ ਪ੍ਰਮਾਣ ਹੈ। ਉਂਜ ਅਮਰੀਕੀ ਵਿਦੇਸ਼ ਮੰਤਰਾਲੇ ਨੇ ਖੇਤੀ ਕਾਨੂੰਨਾਂ ਨੂੰ ਲੈ ਕੇ ਦੋਵੇਂ ਧਿਰਾਂ (ਸਰਕਾਰ ਤੇ ਕਿਸਾਨ ਆਗੂਆਂ) ਦਰਮਿਆਨ ਬਣੇ ਜਮੂਦ ਨੂੰ ਤੋੜਨ ਤੇ ਮਸਲੇ ਦਾ ਹੱਲ ਸੰਵਾਦ ਰਾਹੀਂ ਕੱਢਣ ਦੀ ਵਕਾਲਤ ਕੀਤੀ। ਇਸ ਦੌਰਾਨ ਕਈ ਅਮਰੀਕੀ ਕਾਨੂੰਨਸਾਜ਼ਾਂ ਨੇ ਮੂਹਰੇ ਹੋ ਕੇ ਕਿਸਾਨ ਅੰਦੋਲਨ ਦੀ ਹਮਾਇਤ ਕੀਤੀ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਨੇ ਪੱਤਰਕਾਰਾਂ ਵੱਲੋਂ ਭਾਰਤ ਵਿੱਚ ਤਿੰਨ ਵਿਵਾਦਿਤ ਖੇਤੀ ਕਾਨੂੰਨਾਂ ਖ਼ਿਲਾਫ਼ ਜਾਰੀ ਕਿਸਾਨ ਅੰਦੋਲਨ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ, 'ਅਮਰੀਕਾ ਭਾਰਤੀ ਬਾਜ਼ਾਰਾਂ ਦੀ ਸਮਰੱਥਾ ਵਿੱਚ ਸੁਧਾਰ ਲਿਆਉਣ ਤੇ ਨਿੱਜੀ ਖੇਤਰ ਦੀਆਂ ਕੰਪਨੀਆਂ ਨੂੰ ਨਿਵੇਸ਼ ਲਈ ਆਕਰਸ਼ਿਤ ਕਰਨ ਲਈ ਚੁੱਕੇ ਕਦਮਾਂ ਦਾ ਸਵਾਗਤ ਕਰਦਾ ਹੈ।' ਤਰਜਮਾਨ ਨੇ ਇਸ਼ਾਰਾ ਕੀਤਾ ਕਿ ਨਵਾਂ ਬਾਇਡਨ ਪ੍ਰਸ਼ਾਸਨ ਭਾਰਤ ਸਰਕਾਰ ਵੱਲੋਂ ਖੇਤੀ ਸੈਕਟਰ ਵਿੱਚ ਸੁਧਾਰਾਂ ਲਈ ਕੀਤੀ ਪੇਸ਼ਕਦਮੀ ਦੀ ਪੁਸ਼ਟੀ ਤੇ ਹਮਾਇਤ ਕਰਦਾ ਹੈ। ਤਰਜਮਾਨ ਨੇ ਕਿਹਾ, 'ਅਸੀਂ ਇਹ ਮੰਨਦੇ ਹਾਂ ਕਿ ਸ਼ਾਂਤੀਪੂਰਵਕ ਕੀਤੇ ਜਾਣ ਵਾਲੇ ਅੰਦੋਲਨ ਕਿਸੇ ਵੀ ਪ੍ਰਫੁਲਿਤ ਹੋ ਰਹੀ ਜਮਹੂਰੀਅਤ ਦਾ ਪ੍ਰਮਾਣ ਹੈ ਤੇ ਭਾਰਤ ਦੀ ਸੁਪਰੀਮ ਕੋਰਟ ਨੇ ਵੀ ਇਹੀ ਕਿਹਾ ਹੈ।' ਇਸ ਦੌਰਾਨ ਅਮਰੀਕਾ ਦੇ ਕਈ ਕਾਨੂੰਨਸਾਜ਼ਾਂ ਨੇ ਭਾਰਤ ਵਿੱਚ ਚੱਲ ਰਹੇ ਖੇਤੀ ਅੰਦੋਲਨ ਦੀ ਮੂਹਰੇ ਹੋ ਕੇ ਵਕਾਲਤ ਕੀਤੀ ਹੈ। ਅਮਰੀਕੀ ਕਾਨੂੰਨਸਾਜ਼ ਹੇਲੀ ਸਟੀਵਨਜ਼ ਨੇ ਕਿਹਾ, 'ਭਾਰਤ ਵਿੱਚ ਨਵੇਂ ਖੇਤੀ ਕਾਨੂੰਨਾਂ ਖ਼ਿਲਾਫ਼ ਸ਼ਾਂਤੀਪੂਰਨ ਤਰੀਕੇ ਨਾਲ ਜਾਰੀ ਵਿਰੋਧ ਪ੍ਰਦਰਸ਼ਨ ਖ਼ਿਲਾਫ਼ ਕੀਤੀ ਜਾ ਰਹੀ ਕਾਰਵਾਈ ਤੋਂ ਮੈਂ ਫ਼ਿਕਰਮੰਦ ਹਾਂ।'



# ਜੇਲ ਸੈੱਲ ਵਿਚ ਕੈਦੀ ਉਪਰ ਹਮਲੇ ਬਦਲੇ ਪੁਲਿਸ ਮੁਲਾਜ਼ਮ 'ਤੇ ਦੋਸ਼ ਆਇਦ

ਵਿਕਟੋਰੀਆ-ਪਿਛਲੇ ਸਾਲ ਡੀਟੈਚਮੈਂਟ ਸੈੱਲ ਵਿਖੇ ਹਿਰਾਸਤ ਵਿਚ ਲਏ ਇਕ ਵਿਅਕਤੀ 'ਤੇ ਹਮਲਾ ਕਰਨ ਪਿੱਛੋਂ ਰੈਡ ਡੀਅਰ ਆਰਸੀਐਮਪੀ ਦੇ ਮੁਲਾਜ਼ਮ 'ਤੇ ਦੋਸ਼ ਆਇਦ ਕੀਤੇ ਗਏ ਹਨ। ਪੁਲਿਸ ਨੇ ਇਕ ਰਿਲੀਜ਼ ਵਿਚ ਦੱਸਿਆ ਕਿ ਪਿਛਲੇ ਸਾਲ ਰੈੱਡ ਡੀਅਰ ਆਰਸੀਐਮਪੀ ਡੀਟੈਚਮੈਂਟ ਵਿਖੇ ਇਕ ਵਿਅਕਤੀ 'ਤੇ ਮੁਲਾਜ਼ਮ ਨੇ ਹਮਲਾ ਕੀਤਾ ਸੀ। ਇਸ ਵਿਅਕਤੀ ਨੂੰ 2 ਮਾਰਚ 2020 ਨੂੰ ਜਨਤਕ ਤੌਰ 'ਤੇ ਨਸ਼ਾ ਕਰਨ ਅਤੇ ਗ੍ਰਿਫ਼ਤਾਰੀ ਦਾ ਵਿਰੋਧ ਕਰਨ ਬਦਲੇ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਵਿਅਕਤੀ ਨੂੰ ਇਹਤਿਆਤ ਵਜੋਂ ਹਸਪਤਾਲ ਲਿਜਾਇਆ ਗਿਆ ਅਤੇ ਪੈਰੋਲ ਦੀ ਉਲੰਘਣਾ ਬਦੇਲ ਹਿਰਾਸਤ ਵਿਚ ਲਿਆ ਗਿਆ। ਇਸ ਘਟਨਾ ਦੀ ਸਮੀਖਿਆ ਪਿੱਛੋਂ ਆਰਸੀਐਮਪੀ ਨੇ ਇਨਟਰਲ ਕੋਡ ਆਫ ਕੰਡਕਟ ਤੇ ਅਪਰਾਧਿਕ ਜਾਂਚ ਕੀਤੀ ਸਿੱਟੇ ਵਜੋਂ 39 ਸਾਲਾ ਕੌਪਲ ਕੋਟ ਮੈਕਡਾਇਰਮਿਡ 'ਤੇ ਹਮਲੇ ਦਾ ਦੋਸ਼ ਲਾਇਆ ਗਿਆ। ਮੈਕਡਾਇਰਮਿਡ ਜਿਸ ਨੇ ਫੋਰਸ ਵਿਚ 15 ਸਾਲ ਨੌਕਰੀ ਕੀਤੀ ਨੂੰ ਤਨਖਾਹ ਸਮੇਤ ਜ਼ੁਲਾਈ ਤੋਂ ਮੁਅੱਤਲ ਕੀਤਾ ਹੋਇਆ ਹੈ। ਉਹ 24 ਮਾਰਚ ਨੂੰ ਅਦਾਲਤ ਵਿਚ ਪੇਸ਼ ਹੋਵੇਗਾ।

# ਕਿਸ਼ੋਰ 'ਤੇ ਟਰੈਫਿਕ ਸਟਾਪ ਦੌਰਾਨ ਪੁਲਿਸ ਅਧਿਕਾਰੀ ਦੀ ਹੱਤਿਆ ਦਾ ਦੋਸ਼

ਸਰੀ-ਪੁਲਿਸ ਨੇ ਟਰੈਫਿਕ ਸਟਾਪ 'ਤੇ ਕਾਰ ਨਾ ਰੋਕ ਕੇ ਇਕ ਪੁਲਿਸ ਅਧਿਕਾਰੀ ਨੂੰ ਮਾਰ ਦੇਣ ਲਈ ਇਕ ਕਿਸ਼ੋਰ 'ਤੇ ਹੱਤਿਆ ਦਾ ਦੋਸ਼ ਲਾਇਆ ਹੈ। ਪੁਲਿਸ ਨੇ ਖੁਲਾਸਾ ਕੀਤਾ ਕਿ ਨਵੇਂ ਸਾਲ ਦੇ ਮੌਕੇ ਟਰੈਫਿਕ ਸਟਾਪ 'ਤੇ ਡਿਊਟੀ ਨਿਭਾ ਰਹੇ ਸਾਰਜੈਂਟ ਐਂਡਰਿਊ ਹਰਨੇਟ ਨੂੰ ਟੱਕਰ ਮਾਰ ਕੇ ਮਾਰਨ ਵਾਲੀ ਗੱਡੀ ਵਿਚ ਇਕ ਤੀਸਰੇ ਵਿਅਕਤੀ ਦੇ ਮੌਜੂਦ ਹੋਣ ਦਾ ਸ਼ੱਕ ਹੈ। ਪੁਲਿਸ ਨੇ ਇਕ ਰਿਲੀਜ ਵਿਚ ਕਿਹਾ ਕਿ ਇਸ ਵਿਅਕਤੀ ਨੂੰ ਘਟਨਾ ਦਾ ਗਵਾਹ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬਾਡੀ ਕੈਮੇਰਾ ਤਸਵੀਰਾਂ ਜਿਹੜੀਆਂ ਜਾਂਚ ਤੇ ਅਦਾਲਤੀ ਕਾਰਵਾਈ ਦੇ ਹਿੱਸੇ ਵਜੋਂ ਰਿਲੀਜ਼ ਕੀਤੀਆਂ ਗਈਆਂ ਵਿਚ ਪਿੱਛੇ ਬੈਠੇ ਇਕ ਯਾਤਰੀ ਦੀ ਤਸਵੀਰ ਹੈ। ਪੁਲਿਸ ਨੇ ਦੱਸਿਆ ਕਿ ਇਸ ਵਿਅਕਤੀ ਨੇ ਗੱਡੀ ਵਿਚ ਹੋਣ ਬਾਰੇ ਆਪਣੀ ਅਜੇ ਪਛਾਣ ਦੱਸਣੀ ਹੈ। ਪੁਲਿਸ ਨੇ ਦੱਸਿਆ ਕਿ ਉਹ ਇਸ ਮਾਮਲੇ ਸਬੰਧੀ ਹੋਰ ਜਾਣਕਾਰੀ ਨਹੀਂ ਦੇਵੇਗੀ ਕਿਉਂਕਿ ਮਾਮਲਾ ਅਦਾਲਤ ਕੋਲ ਸੁਣਵਾਈ ਅਧੀਨ ਹੈ। 37 ਸਾਲਾ ਹੇਰਨਟ ਨਵੇਂ ਸਾਲ ਦੇ ਮੌਕੇ ਗੱਡੀ ਨੂੰ ਰੋਕਣ ਸਮੇਂ ਐਸਯੂਵੀ ਵਲੋਂ ਟੱਕਰ ਮਾਰੇ ਜਾਣ ਕਾਰਨ ਮਾਰਿਆ ਗਿਆ ਸੀ। ਇਸ ਮਾਮਲੇ ਸਬੰਧੀ ਦੋ ਵਿਅਕਤੀਆਂ 'ਤੇ ਦੋਸ਼ ਲਾਏ ਗਏ ਹਨ ਅਤੇ ਉਨ੍ਹਾਂ ਵਿਚੋਂ ਇਕ ਕੈਲਗਰੀ ਦੇ ਨੌਜਵਾਨ ਨੂੰ ਪਿਛਲੇ ਹਫਤੇ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ।

# ਮੈਨੀਟੋਬਾ ਦੀ ਦੂਸਰੀ ਤਿਮਾਹੀ ਦੌਰਾਨ 15 ਲੱਖ ਟੀਕਾ ਖੁਰਾਕਾਂ ਡਲਿਵਰ ਕਰਨ ਦੀ ਯੋਜਨਾ

ਵਿੰਨੀਪੈਗ-ਮੈਨੀਟੋਬਾ ਦੀ ਟੀਕਾਕਰਨ ਟਾਸਕ ਫੋਰਸ ਇਕ ਅਪ੍ਰੈਲ ਤੋਂ ਜੀਵਨ ਬਚਾਊ ਟੀਕੇ ਦੇ ਸ਼ੁਰੂਆਤ ਕਰਕੇ ਹਰ ਰੋਜ਼ 20 ਹਜ਼ਾਰ ਮੈਨੀਟੋਬਾ ਵਾਸੀਆਂ ਨੂੰ ਟੀਕੇ ਲਗਾਉਣ ਦੀ ਆਸ ਕਰ ਰਹੀ ਹੈ ਪਰ ਸੂਬੇ ਦੀ ਟੀਕਾਕਰਨ ਸ਼ੁਰੂ ਕਰਨ ਦੀ ਮੁਹਿੰਮ ਦੌਰਾਨ ਸਾਰੀਆਂ ਗੱਲਾਂ ਟੀਕੇ ਦੀ ਸਪਲਾਈ 'ਤੇ ਨਿਰਭਰ ਕਰਨਗੀਆਂ। ਦੂਸਰੀ ਤਿਮਾਹੀ ਦੌਰਾਨ 1.5 ਮਿਲੀਅਨ ਖੁਰਾਕਾਂ ਡਲਿਵਰ ਕਰਨ ਲਈ ਮਨੀਟੋਬਾ ਦੇ ਵੈਕਸੀਨ ਇੰਪਲੀਮੈਂਟੇਸ਼ਨ ਟਾਸਕ ਫੋਰਡ ਦੇ ਸਹਿ-ਲੀਡਰ ਜੋਹਾਨੂੰ ਬੋਥਾਂ ਨੇ ਟੀਕਾਕਰਨ ਮੁਹਿੰਮ ਦੀਆਂ ਯੋਜਨਾਵਾਂ ਬਣਾਈਆਂ ਹਨ।

# ਪੁਲਿਸ ਨੇ ਇਕ ਛਾਪੇ ਦੌਰਾਨ ਡਰੱਗ, ਨਕਦੀ ਤੇ ਪੈਲਟ ਗੰਨਾਂ ਨੂੰ ਕੀਤਾ ਜ਼ਬਤ

ਵਿੰਨੀਪੈਗ-ਨੌਰਦਰਨ ਮਨੀਟੋਬਾ ਕਮਿਊਨਿਟੀ ਵਿਚ ਇਕ ਛਾਪੇ ਦੌਰਾਨ ਆਰਸੀਐਮਪੀ ਨੇ ਨਸ਼ੀਲਾ ਪਦਾਰਥ, ਨਕਦੀ ਅਤੇ ਪੈਲਟ ਗੰਨਾਂ ਬਰਾਮਦ ਕੀਤੀਆਂ ਹਨ ਜਿਸ ਪਿੱਛੋਂ ਦੋ ਵਿਅਕਤੀਆਂ 'ਤੇ ਦੋਸ਼ ਲਾਏ ਗਏ ਹਨ। ਸਵੇਰੇ 6.30 ਤੋਂ ਥੋੜਾ ਸਮਾਂ ਪਹਿਲਾਂ ਨੈਲਸਨ ਹਾਊਸ ਆਰਸੀਐਮਪੀ ਨੇ ਮਨੀਟੋਬਾ ਡਿਸਟ੍ਰਿਕਟ ਕਰਾਈਮ ਰਿਡਕਸ਼ਨ ਇਨਫੋਰਸਮੈਂਟ ਸਪੋਰਟ ਟੀਮ, ਐਮਰਜੈਂਸੀ ਰਿਸਪਾਂਸ ਟੀਮ ਤੇ ਪੁਲਿਸ ਡੋਗ ਸਰਵਿਸਜ਼ ਦੇ ਨਾਲੋ ਉੱਤਰੀ ਮਨੀਟੋਬਾ ਕਮਿਊਨਿਟੀ ਵਿਚ ਨਿਸ਼ਚਾਵੇਅਸੀਹਕ ਕਰੀ ਨੇਸ਼ਨ 'ਤੇ ਸਰਚ ਵਾਰੰਟ ਤਾਮੀਲ ਕੀਤਾ। ਅਧਿਕਾਰੀਆਂ ਨੇ ਲਗਪਗ 58 ਗ੍ਰਾਮ ਕੋਕੀਨ, ਨਕਦੀ, ਭੰਗ, ਪੈਲਟ ਗੰਨਾਂ ਅਤੇ ਨਸ਼ੀਲਾ ਪਦਾਰਥ ਪੈਰਾਫੇਰਨਾਲੀਆ ਬਰਾਮਦ ਕੀਤਾ। ਇਸ ਸਬੰਧ ਵਿਚ 35 ਸਾਲਾ ਵਿਅਕਤੀ ਤੇ 31 ਸਾਲਾ ਔਰਤ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਹ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੂੰ 21 ਅਪ੍ਰੈਲ ਨੂੰ ਅਦਾਲਤ ਵਿਚ ਪੇਸ਼ ਕੀਤੇ ਜਾਣ ਦੀ ਆਸ ਹੈ। ਨੈਲਸਨ ਹਾਊਸ ਆਰਸੀਐਮਪੀ ਲਗਾਤਾਰ ਮਾਮਲੇ ਦੀ ਜਾਂਚ ਕਰ ਰਹੀ ਹੈ।



# ਤਿੰਨ ਖੇਤੀ ਕਨੂੰਨਾਂ ਦੇ ਮੁੱਦੇ ਉਪਰ ਵਿਰੋਧੀ ਧਿਰਾਂ ਨੇ ਸੰਸਦ ਵਿਚ ਸਰਕਾਰ ਨੂੰ ਘੇਰਿਆ

[ਸਫ਼ਾ 3 ਦੀ ਬਾਕੀ]

ਬਹਿਸ ਵਿੱਚ ਹਿੱਸਾ ਲੈਂਦਿਆਂ ਕਾਂਗਰਸ ਦੇ ਦਿਗਵਿਜੈ ਸਿੰਘ ਨੇ ਨੋਟਬੰਦੀ ਤੋਂ ਲੈ ਕੇ ਸੀਏਏ (ਨਾਗਰਿਕਤਾ ਸੋਧ ਐਕਟ) ਤੱਕ ਕੀਤੀਆਂ ਬੱਜਰ ਗ਼ਲਤੀਆਂ ਲਈ ਭਾਜਪਾ ਸਰਕਾਰ ਨੂੰ ਘੇਰਿਆ। ਉਨ੍ਹਾਂ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਉਸ ਬਿਆਨ ਦਾ ਵੀ ਹਵਾਲਾ ਦਿੱਤਾ ਜਿਸ ਵਿੱਚ ਨੋਟਬੰਦੀ ਨੂੰ ਜਥੇਬੰਦਕ ਲੁੱਟ ਤੇ ਕਾਨੂੰਨੀ ਰੂਪ 'ਚ ਕੀਤੀ ਬੱਜਰ ਗ਼ਲਤੀ ਕਰਾਰ ਦਿੱਤਾ ਗਿਆ ਸੀ। ਸਾਬਕਾ ਪ੍ਰਧਾਨ ਮੰਤਰੀ ਤੇ ਜੇ ਡੀ ਐੱਸ ਆਗੂ ਐੱਚ.ਡੀ.ਦੇਵੇਗੌੜਾ ਨੇ ਵੀ ਕਿਸਾਨਾਂ ਨੂੰ ਦੇਸ਼ ਦੀ ਰੀੜ੍ਹ ਦੀ ਹੱਡੀ ਦੱਸਿਆ। ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਮੌਕੇ ਹੋਈ ਹਿੰਸਾ ਪਿੱਛੇ ਸ਼ਰਾਰਤੀ ਤੇ ਦੇਸ਼ ਵਿਰੋਧੀ ਅਨਸਰਾਂ ਦਾ ਹੱਥ ਸੀ। ਵਿਰੋਧੀ ਧਿਰਾਂ ਦੇ ਮੈਂਬਰਾਂ ਨੇ ਸਰਕਾਰ ਤੇ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਸੜਕ ਤੇ ਹਾਈਵੇਜ਼ ਮੰਤਰਾਲੇ ਨਾਲ ਸਬੰਧਤ ਸਵਾਲਾਂ ਦੇ ਜਵਾਬ ਵੀ ਦਿੱਤੇ। ਪਰ ਜਦੋਂ ਨਾਅਰੇਬਾਜ਼ੀ ਬੰਦ ਨਾ ਹੋਈ ਤਾਂ ਸਪੀਕਰ ਓਮ ਬਿਰਲਾ ਨੇ ਸਦਨ ਨੂੰ ਪੰਜ ਵਜੇ ਤੱਕ ਲਈ ਮੁਲਤਵੀ ਕਰ ਦਿੱਤਾ।

## ਮੋਦੀ ਸਰਕਾਰ ਨੇ 15 ਵਿਰੋਧੀ ਸੰਸਦ ਮੈਂਬਰਾਂ ਨੂੰ ਅੰਦਲਨਕਾਰੀ ਕਿਸਾਨਾਂ ਨਾਲ ਮਿਲਣ ਤੋ ਰੋਕਿਆ

ਨਵੀਂ ਦਿੱਲੀ-ਪੰਜਾਬ ਸਮੇਤ ਹੋਰ ਰਾਜਾਂ ਦੇ 15 ਸੰਸਦ ਮੈਂਬਰਾਂ ਵੱਲੋਂ ਖੇਤੀ ਕਾਨੂੰਨਾਂ ਖ਼ਿਲਾਫ਼ ਗਾਜ਼ੀਪੁਰ ਮੋਰਚੇ ਉਪਰ ਡਟੇ ਹਜ਼ਾਰਾਂ ਕਿਸਾਨਾਂ ਨਾਲ ਇਕਜੁੱਟਤਾ ਪ੍ਰਗਟਾਉਣ ਲਈ ਉਥੋਂ ਦਾ ਦੌਰਾ ਕੀਤਾ ਗਿਆ ਪਰ ਦਿੱਲੀ ਪੁਲੀਸ ਨੇ ਉਨ੍ਹਾਂ ਨੂੰ ਅੰਦੋਲਨ ਵਾਲੀ ਥਾਂ 'ਤੇ ਨਾ ਜਾਣ ਦਿੱਤਾ। ਇਹ ਸੰਸਦ ਮੈਂਬਰ ਵੱਖ-ਵੱਖ 10 ਸਿਆਸੀ ਧਿਰਾਂ ਤੋਂ ਸਨ, ਜੋ ਬੱਸ ਰਾਹੀਂ ਗਾਜ਼ੀਪੁਰ ਪਹੁੰਚੇ ਸਨ। ਉਨ੍ਹਾਂ ਇਕ ਪੱਤਰ ਲਿਖ ਕੇ ਇਹ ਮਾਮਲਾ ਲੋਕ ਸਭਾ ਸਪੀਕਰ ਓਮ ਬਿਰਲਾ ਦੇ ਧਿਆਨ ਵਿੱਚ ਲਿਆਂਦਾ ਹੈ। ਵਫ਼ਦ ਵਿੱਚ ਭਾਜਪਾ ਦੀ ਅਗਵਾਈ ਹੇਠਲੀ ਐੱਨਡੀਏ ਸਰਕਾਰ ਦਾ ਹਿੱਸਾ ਰਹੀ ਸ਼੍ਰੋਮਣੀ ਅਕਾਲੀ ਦਲ ਦੀ ਸਾਬਕਾ ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ, ਐੱਨਸੀਪੀ ਦੀ ਸੰਸਦ ਮੈਂਬਰ ਸੁਪ੍ਰਿਆ ਸੂਲੇ, ਡੀਐੱਮਕੇ ਦੀ ਕਨੀਮੋਜ਼ੀ, ਟੀਐੱਮਸੀ ਦੇ ਸੌਗਾਤਾ ਰੌਏ ਅਤੇ ਹੋਰ ਮੈਂਬਰ ਸ਼ਾਮਲ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਸਦ ਮੈਂਬਰਾਂ ਦੇ ਵਫ਼ਦ ਨੇ ਕਿਹਾ ਕਿ ਕਿਸਾਨਾਂ ਨੂੰ ਰੋਕਣ ਲਈ ਪੁਲੀਸ ਨੇ ਸੜਕਾਂ ਉਪਰ ਕਿੱਲਾਂ ਗੱਡੀਆਂ ਹੋਈਆਂ ਹਨ। ਸੰਸਦ ਮੈਂਬਰਾਂ ਨੇ ਦੱਸਿਆ ਕਿ ਦਿੱਲੀ ਪੁਲੀਸ ਦੇ ਅਧਿਕਾਰੀਆਂ ਨੂੰ ਬੇਨਤੀਆਂ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਅੱਗੇ ਧਰਨੇ ਵਿੱਚ ਸ਼ਾਮਲ ਕਿਸਾਨਾਂ ਨੂੰ ਮਿਲਣ ਨਹੀਂ ਜਾਣ ਦਿੱਤਾ ਗਿਆ। ਉਨ੍ਹਾਂ ਦਿੱਲੀ ਪੁਲੀਸ ਦੇ ਰਵੱਈਏ ਖ਼ਿਲਾਫ਼ ਸਖ਼ਤ ਨਾਰਾਜ਼ਗੀ ਪ੍ਰਗਟਾਉਂਦਿਆਂ ਕਿਹਾ ਕਿ ਉਹ ਇਸ ਵਰਤਾਰੇ ਬਾਰੇ ਸਪੀਕਰ ਓਮ ਬਿਰਲਾ ਨੂੰ ਜਾਣਕਾਰੀ ਦੇਣਗੇ। ਉਨ੍ਹਾਂ ਦਾਅਵਾ ਕੀਤਾ ਕਿ ਗਾਜ਼ੀਪੁਰ ਦੇ ਮੋਰਚੇ ਵਿੱਚ ਬੈਠੇ ਕਿਸਾਨਾਂ ਦਾ ਬਿਜਲੀ-ਪਾਣੀ ਕੱਟ ਦਿੱਤਾ ਗਿਆ ਅਤੇ ਕੰਡਿਆਲੀ ਤਾਰਾਂ ਵਾਲੇ ਬੈਰੀਕੇਡ ਲਾਏ ਗਏ ਹਨ। 'ਕਿਸਾਨਾਂ ਨਾਲ ਇੰਜ ਵਿਹਾਰ ਕੀਤਾ ਜਾ ਰਿਹਾ ਹੈ ਜਿਵੇਂ ਉਹ ਦੁਸ਼ਮਣ ਹੋਣ। ਇਹ ਕਿਸਾਨ ਤਾਂ ਤਿੰਨ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਕਰ ਰਹੇ ਹਨ।' ਇਸ ਮੌਕੇ ਕੁਝ ਸੰਸਦ ਮੈਂਬਰਾਂ ਨੇ ਕਿਸਾਨਾਂ ਦੇ ਹੱਕ ਵਿੱਚ ਨਾਅਰੇਬਾਜ਼ੀ ਵੀ ਕੀਤੀ। ਵਫ਼ਦ ਨਾਲ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੀ ਮੌਜੂਦ ਸਨ।

## ਰਾਕੇਸ਼ ਟਿਕੈਤ ਦੀ ਭਾਵੁਕ ਅਪੀਲ

ਭਾਰਤੀ ਕਿਸਾਨ ਯੂਨੀਅਨ (ਟਿਕੈਤ) ਦੇ ਆਗੂ ਰਾਕੇਸ਼ ਟਿਕੈਤ ਵੱਲੋਂ ਕੀਤੀ ਗਈ ਭਾਵੁਕ ਅਪੀਲ ਮਗਰੋਂ ਹਰਿਆਣਾ ਅਤੇ ਉੱਤਰ ਪ੍ਰਦੇਸ਼ ਤੋਂ ਹਜ਼ਾਰਾਂ ਕਿਸਾਨਾਂ ਨੇ ਦਿੱਲੀ ਦੇ ਤਿੰਨ ਬਾਰਡਰਾਂ ਸਿੰਘੂ, ਟਿੱਕਰੀ ਅਤੇ ਗਾਜ਼ੀਪੁਰ ਵੱਲ ਵਹੀਰਾਂ ਘੱਤ ਲਈਆਂ ਹਨ। ਸਿਆਸੀ ਧਿਰਾਂ ਦੇ ਆਗੂਆਂ ਨੇ ਵੀ ਗਾਜ਼ੀਪੁਰ ਬਾਰਡਰ ਵੱਲ ਗੇੜੇ ਵਧਾ ਦਿੱਤੇ ਹਨ। ਆਮ ਆਦਮੀ ਪਾਰਟੀ ਦੇ ਮਨੀਸ਼ ਸਿਸੋਦੀਆ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਮਾਜਵਾਦੀ ਪਾਰਟੀ ਦੇ ਆਗੂ ਬਲਵੰਤ ਸਿੰਘ ਰਾਮੂਵਾਲੀਆ, ਜੈਯੰਤ ਚੌਧਰੀ ਅਤੇ ਹੋਰ ਆਗੂ ਗਾਜ਼ੀਪੁਰ ਬਾਰਡਰ 'ਤੇ ਕਿਸਾਨਾਂ ਨੂੰ ਮਿਲ ਚੁੱਕੇ ਹਨ। ਸ੍ਰੀ ਟਿਕੈਤ ਨੇ ਸਪੱਸ਼ਟ ਕੀਤਾ ਹੈ ਕਿ ਖੇਤੀ ਕਾਨੂੰਨਾਂ ਦੇ ਵਿਰੋਧ ਦਾ ਮੁੱਖ ਕੇਂਦਰ ਸਿੰਘੂ ਹੀ ਰਹੇਗਾ ਅਤੇ ਸਿਆਸੀ ਆਗੂਆਂ ਨੂੰ ਗਾਜ਼ੀਪੁਰ ਦੀ ਸਟੇਜ ਤੋਂ ਬੋਲਣ ਨਹੀਂ ਦਿੱਤਾ ਜਾ ਰਿਹਾ ਹੈ।



## ਅਮਰੀਕੀ ਪੌਪ ਸਟਾਰ ਰਿਹਾਨਾ ਤੇ ਵਾਤਾਵਰਣ ਕਾਰਕੁੰਨ ਗਰੇਟਾ ਦੇ ਕਿਸਾਨਾਂ ਦੇ ਹੱਕ ਵਿਚ ਟਵੀਟਾਂ ਨੂੰ ਦੱਸਿਆ ਭਾਰਤ ਦੇ ਅੰਦਰੂਨੀ ਮਾਮਲਿਆ ਵਿਚ ਦਖਲ

ਬੌਲੀਵੁੱਡ ਸ਼ਖਸੀਅਤਾਂ ਦੇ ਇਕ ਵਰਗ ਨੇ ਕਿਸਾਨ ਅੰਦੋਲਨ ਬਾਰੇ ਪੌਪ ਸਟਾਰ ਰਿਹਾਨਾ ਦੇ ਟਵੀਟ 'ਤੇ ਅਕਸ਼ੈ ਕੁਮਾਰ ਅਤੇ ਅਜੈ ਦੇਵਗਨ ਵਰਗੇ ਉਘੇ ਫਿਲਮੀ ਸਿਤਾਰਿਆਂ ਦੀ ਪ੍ਰਤੀਕਿਰਿਆ ਦੀ ਵੀਰਵਾਰ ਨੂੰ ਆਲੋਚਨਾ ਕੀਤੀ। ਅਦਾਕਾਰਾ ਤਾਪਸੀ ਪੰਨੂ, ਫਿਲਮ ਨਿਰਮਾਤਾ ਓਨਿਰ, ਅਦਾਕਾਰ ਅਰਜੁਨ ਮਾਥੁਰ ਅਤੇ ਹੋਰਨਾਂ ਨੇ ਬੌਲੀਵੁੱਡ ਦੀਆਂ ਉੱਘੀਆਂ ਸ਼ਖਸੀਅਤਾਂ ਵੱਲੋਂ ਸਰਕਾਰ ਦਾ ਪੱਖ ਪੂਰੇ ਜਾਣ ਲਈ ਨਿਖੇਧੀ ਕੀਤੀ ਹੈ। ਰਿਹਾਨਾ ਦੇ ਟਵੀਟ ਤੋਂ ਬਾਅਦ ਸਵੀਡਨ ਦੀ ਗ੍ਰੇਟਾ ਥਨਬਰਗ, ਵਕੀਲ ਅਤੇ ਅਮਰੀਕੀ ਉਪਰਾਸ਼ਟਰਪਤੀ ਕਮਲਾ ਹੈਰਿਸ ਦੀ ਭਾਣਜੀ ਮੀਨਾ ਹੈਰਿਸ, ਅਦਾਕਾਰਾ ਅਮਾਂਡਾ ਸੇਰਨੀ, ਗਾਇਕ ਜੇ ਸੀਏਐੱਨ, ਡਾਕਟਰ ਜਿਊਸ ਅਤੇ ਸਾਬਕਾ ਪੌਰਨ ਸਟਾਰ ਮੀਆ ਖਲੀਫ਼ਾ ਨੇ ਪ੍ਰਦਰਸ਼ਨਕਾਰੀ ਕਿਸਾਨਾਂ ਦੇ ਸਮਰਥਨ ਵਿੱਚ ਆਵਾਜ਼ ਬੁਲੰਦ ਕੀਤੀ ਸੀ। ਭਾਰਤ ਨੇ ਇਨ੍ਹਾਂ ਟਵੀਟਾਂ 'ਤੇ ਬੁੱਧਵਾਰ ਨੂੰ ਸਖ਼ਤ ਪ੍ਰਤੀਕਿਰਿਆ ਦਿੱਤੀ ਸੀ, ਜਿਸ ਦਾ ਬੌਲੀਵੁੱਡ ਅਤੇ ਕ੍ਰਿਕਟ ਜਗਤ ਦੀਆਂ ਸ਼ਖਸੀਅਤਾਂ ਦੇ ਨਾਲ ਨਾਲ ਮੰਤਰੀਆਂ ਨੇ ਵੀ ਸਮਰਥਨ ਕੀਤਾ ਸੀ। ਫਿਲਮ ਜਗਤ ਦੀਆਂ ਕਈ ਸ਼ਖਸੀਅਤਾਂ ਨੇ ਵੱਡੀਆਂ ਸ਼ਖਸੀਅਤਾਂ ਦੇ ਇਸ ਤਰ੍ਹਾਂ ਅਚਾਨਕ ਟਵਿਟਰ 'ਤੇ ਸਰਗਰਮ ਹੋਣ ਅਤੇ ਦੂਜੇ ਪਾਸੇ ਕਿਸਾਨਾਂ ਦੀ ਹਾਲਤ 'ਤੇ ਧਿਆਨ ਦੇਣ ਜਾਂ ਉਸ ਨੂੰ ਸਮਝਣ ਵਿੱਚ ਨਾਕਾਮ ਰਹਿਣ ਨੂੰ ਸ਼ਰਮਵਾਲਾ ਅਤੇ ਦੁਖੀ ਕਰਨ ਵਾਲਾ ਕਰਾਰ ਦਿੱਤਾ ਹੈ। ਤਾਪਸੀ ਪੰਨੂੰ ਨੇ ਸਰਕਾਰ ਵੱਲ ਨਿਸ਼ਾਨਾ ਸੇਧਦਿਆਂ ਕਿਹਾ ਕਿ ਭਾਵਨਾਵਾਂ ਨੂੰ ਮਜ਼ਬੂਤ ਕਰਨ 'ਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਸੋਨਾਕਸ਼ੀ ਸਿਨਹਾ ਸਮੇਤ ਹੋਰਨਾਂ ਸ਼ਖਸੀਅਤਾਂ ਨੇ ਵੀ ਰਿਹਾਨਾ ਦੇ ਟਵੀਟ ਦਾ ਸਮਰਥਨ ਕੀਤਾ ਹੈ।

## ਕੰਗਨਾ ਦੇ ਟਵੀਟ ਹਟਾਏ

ਨਵੀਂ ਦਿੱਲੀ-ਟਵਿੱਟਰ ਇੰਡੀਆ ਨੇ ਨਿਯਮਾਂ ਦੀ ਉਲੰਘਣਾ ਦਾ ਹਵਾਲਾ ਦਿੰਦਿਆਂ ਅੱਜ ਹਿੰਦੀ ਫਿਲਮਾਂ ਦੀ ਅਦਾਕਾਰਾ ਕੰਗਨਾ ਰਣੌਤ ਦੇ ਦੋ ਟਵੀਟ ਹਟਾ ਦਿੱਤੇ ਹਨ। ਕੰਗਨਾ ਕੇਂਦਰ ਦੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਕਰ ਰਹੇ ਕਿਸਾਨਾਂ ਦੀ ਆਲੋਚਨਾ ਕਰ ਰਹੀ ਸੀ। ਕੰਗਨਾ ਦਾ ਟਵੀਟ ਲੱਭਣ ਦੀ ਕੋਸ਼ਿਸ਼ ਕਰਨ 'ਤੇ ਇਹ ਸੁਨੇਹਾ ਮਿਲਦਾ ਹੈ, 'ਇਹ ਟਵੀਟ ਹੁਣ ਉਪਲੱਭਧ ਨਹੀਂ ਹਨ ਕਿਉਂਕਿ ਇਸ ਨੇ ਟਵਿੱਟਰ ਦੇ ਨਿਯਮਾਂ ਦੀ ਉਲੰਘਣਾ ਕੀਤੀ ਹੈ।' ਇੱਕ ਟਵੀਟ 'ਚ ਕੰਗਨਾ ਨੇ ਦੇਸ਼ 'ਚ ਕੈਂਸਰ ਖਤਮ ਹੋਣ ਦੀ ਗੱਲ ਕਹੀ ਸੀ। ਇਹ ਪਹਿਲਾ ਮੌਕਾ ਨਹੀਂ ਹੈ ਜਦੋਂ ਟਵਿੱਟਰ ਨੇ ਕੰਗਨਾ ਖ਼ਿਲਾਫ਼ ਕਾਰਵਾਈ ਕੀਤੀ ਹੈ। ਅਦਾਕਾਰਾ ਦਾ ਟਵਿੱਟਰ ਹੈਂਡਲ ਪਿਛਲੇ ਮਹੀਨੇ ਐਮਾਜ਼ੋਨ ਪ੍ਰਾਈਮ ਵੀਡੀਓ ਦੀ ਵੈੱਬ ਸੀਰੀਜ਼ 'ਤਾਂਡਵ' ਕਾਰਨ ਪੈਦਾ ਹੋਏ ਵਿਵਾਦ ਦੇ ਸੰਦਰਭ 'ਚ ਕੀਤੇ ਟਵੀਟ ਲਈ ਥੋੜ੍ਹੇ ਸਮੇਂ ਲਈ ਬੰਦ ਕਰ ਦਿੱਤਾ ਗਿਆ ਸੀ। ਉਸ ਨੇ ਟਵੀਟ ਕੀਤਾ ਸੀ, 'ਉਨ੍ਹਾਂ ਦਾ ਸਿਰ ਧੜ ਤੋਂ ਵੱਖ ਕਰਨ ਦਾ ਸਮਾਂ ਆ ਗਿਆ ਹੈ', ਜਿਸ ਖ਼ਿਲਾਫ਼ ਟਵਿੱਟਰ ਦੇ ਕਈ ਵਰਤੋਂਕਾਰਾਂ ਨੇ ਸ਼ਿਕਾਇਤ ਕੀਤੀ ਸੀ।

## ਕੰਡੇਲ ਦੀ ਮਹਾਂਪੰਚਾਇਤ ਨੇ ਕਿਸਾਨ ਅੰਦੋਲਨ ਨੂੰ ਦਿੱਤੀ ਨਵੀ ਦਿਸ਼ਾ

ਜੀਂਦ-ਮੋਦੀ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਦਿੱਲੀ ਦੀਆਂ ਸਰਹੱਦਾਂ 'ਤੇ ਚੱਲ ਰਹੇ ਅੰਦੋਲਨ ਲਈ ਭਾਰਤੀ ਕਿਸਾਨ ਯੂਨੀਅਨ ਦੇ ਰਾਸ਼ਟਰੀ ਬੁਲਾਰੇ ਰਾਕੇਸ਼ ਟਿਕੈਤ ਇੱਥੇ ਕੰਡੇਲਾ ਪਿੰਡ ਤੋਂ ਨਵੀਂ ਅਤੇ ਮਜ਼ਬੂਤ ਜ਼ਮੀਨ ਤਿਆਰ ਕਰ ਗਏ ਹਨ। ਸ੍ਰੀ ਟਿਕੈਤ ਕੰਡੇਲਾ ਦੀ ਧਰਤੀ ਤੋਂ ਕਿਸਾਨ ਅੰਦੋਲਨ ਨੂੰ ਨਵੀਂ ਧਾਰ ਦੇਣ ਵਿੱਚ ਸਫ਼ਲ ਰਹੇ। ਮਹਾਪੰਚਾਇਤ ਵਿੱਚ ਕਿਸਾਨਾਂ ਦੀ ਭੀੜ ਨੇ ਇੱਕ ਨਵਾਂ ਰਿਕਾਰਡ ਕਾਇਮ ਕੀਤਾ ਹੈ। ਕਾਬਿਲੇ ਜ਼ਿਕਰ ਹੈ ਕਿ ਭਜਨ ਲਾਲ, ਬੰਸੀ ਲਾਲ ਅਤੇ ਓਮ ਪ੍ਰਕਾਸ਼ ਚੌਟਾਲਾ ਦੀਆਂ ਸਰਕਾਰਾਂ ਸਮੇਂ ਕਈ ਵਾਰ ਹੋਏ ਕਿਸਾਨ ਅੰਦੋਲਨਾਂ ਦਾ ਕੇਂਦਰ ਬਣੀ ਕੰਡੇਲਾ ਦੀ ਧਰਤੀ ਉੱਤੇ ਕਦੇ ਵੀ 5 ਹਜ਼ਾਰ ਤੋਂ ਵੱਧ ਭੀੜ ਨਹੀਂ ਸੀ ਜੁੜੀ ਪਰ ਬੁੱਧਵਾਰ ਨੂੰ ਹੋਈ ਰੈਲੀ ਵਿੱਚ 5 ਹਜ਼ਾਰ ਤੋਂ ਜ਼ਿਆਦਾ ਤਾਂ ਮਹਿਲਾਵਾਂ ਹੀ ਜਮ੍ਹਾਂ ਸਨ। ਮਹਾਪੰਚਾਇਤ ਵਿੱਚ ਭਾਰਤੀ ਕਿਸਾਨ ਮੋਰਚਿਆਂ ਦੇ ਸਾਰੇ ਗੁੱਟ ਇੱਕਠੇ ਇੱਕ ਮੰਚ ਉੱਤੇ ਮੌਜੂਦ ਸਨ ਜਿਨ੍ਹਾਂ 'ਚ ਪ੍ਰਦੇਸ਼ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਅਤੇ ਰਤਨ ਮਾਨ ਆਦਿ ਪ੍ਰਮੁੱਖ ਸਨ। ਮਹਾਪੰਚਾਇਤ ਦੇ ਮੰਚ ਤੋਂ ਪ੍ਰਦੇਸ਼ ਦੀ ਲਗਭਗ ਸਾਰੀਆਂ ਖਾਪਾਂ ਦੇ ਚੌਧਰੀਆਂ ਦੇ ਭਾਸ਼ਨ ਵੀ ਹੋਏ।

DAY AND NIGHT LABOUR LTD.

ਗਰੀਨ ਹਾਊਸ ਅਤੇ ਨਰਸਰੀ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਰਕਰਾਂ ਅਤੇ ਮਸ਼ਰੂਮ ਪੈਕਿੰਗ ਲਈ ਵਰਕਰਾਂ ਦੀ ਜ਼ਰੂਰਤ ਹੈ।
- ਮੈਰੂਆਨਾ ਪੈਕਿੰਗ ਲਈ ਵਰਕਰਾਂ ਦੀ ਵੀ ਤੁਰੰਤ ਲੋੜ ਹੈ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਿਰਫ ਪੀ.ਆਰ. ਜਾਂ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।

ਸੰਪਰਕ- ਸੰਨੀ ਸੰਧਰ 604-727-2421

# ‘ਟਰੈਕਟਰ ਪਰੇਡ’ ਦੇ ਹਾਂ ਪੱਖੀ ਪੱਖ ਨੂੰ ਕਿਉਂ ਅਣਦੇਖਿਆ ਕੀਤਾ ਜਾ ਰਿਹਾ ?

ਜਦੋਂ ਤੋਂ ਖੇਤੀ ਕਾਨੂੰਨਾਂ ਦਾ ਕਿਸਾਨ ਜਥੇਬੰਦੀਆਂ ਵੱਲੋਂ ਵਿਰੋਧ ਸ਼ੁਰੂ ਹੋਇਆ ਸੀ ਉਦੋਂ ਤੋਂ ਲੈ ਕੇ ਕਿਸਾਨ ਜਥੇਬੰਦੀਆਂ ਨੇ ਬੜੀ ਸੂਝਬੂਝ ਨਾਲ ਇਸ ਸੰਘਰਸ਼ ਨੂੰ ਅੱਗੇ ਵਧਾਇਆ ਅਤੇ ਲੋਕ ਰਾਇ ਹਾਸਲ ਕਰਨ ਵਿੱਚ ਪੂਰੀ ਤਰ੍ਹਾਂ ਸਫਲਤਾ ਪ੍ਰਾਪਤ ਕੀਤੀ। ਪੰਜਾਬ ਵਿੱਚੋਂ ਇਸ ਸੰਘਰਸ਼ ਨੂੰ ਦਿੱਲੀ ਤੱਕ ਲੈ ਕੇ ਜਾਣਾ ਅਤੇ ਫਿਰ ਸਮੁੱਚੇ ਭਾਰਤ ਵਿੱਚ ਇੱਕ ਲਹਿਰ ਬਣਾ ਕੇ ਸਮੂਹਿਕ ਤੌਰ ‘ਤੇ ਕਿਸਾਨ ਜਥੇਬੰਦੀਆਂ ਅੱਗੇ ਵੱਧਦੀਆਂ ਰਹੀਆਂ। ਉਹਨਾਂ ਨੇ ਸਰਕਾਰ ਦੇ ਹਰ ਹੱਥਕੰਡੇ ਨੂੰ ਫੇਲ੍ਹ ਕਰਕੇ ਸਰਕਾਰ ਨੂੰ ਕਈ ਪੱਖਾਂ ਉੱਪਰ ਝੁਕਣ ਲਈ ਮਜਬੂਰ ਕੀਤਾ। ਇਸ ਸੰਘਰਸ਼ ਦੀ ਇਹ ਵੱਡੀ ਪ੍ਰਾਪਤੀ ਅਤੇ ਵਿਲੱਖਣਤਾ ਕਹੀ ਜਾ ਰਹੀ ਸੀ ਕਿ ਇਸ ਵਿੱਚ ਵਿਰਾਸਤ, ਸਬਰ, ਸੰਤੋਖ, ਵਿਚਾਰ, ਚਰਚਾ, ਸ਼ਬਦ, ਸਾਹਿਤ, ਸੰਗਤ, ਪੰਗਤ, ਲੰਗਰ, ਸੁਹਜ, ਸਿਆਣਪ, ਵਿਸ਼ਵਾਸ, ਸਾਂਝ, ਭਾਈਚਾਰਾ ਤੇ ਹੋਰ ਅਨੇਕਾਂ ਗੱਲਾਂ ਦੇਖਣ ਨੂੰ ਮਿਲੀਆਂ। ਜੋ ਅਸਲ ਵਿੱਚ ਮਾਨਵਤਾ ਦਾ ਸੱਚਾ ਸੁੱਚਾ ਸੁਨੇਹਾ ਦੇ ਕੇ ਮਨੁੱਖਤਾ ਦੇ ਭਲੇ ਲਈ ਕਾਰਜਸ਼ੀਲ ਹੋਣ। ਇਸ ਸੰਘਰਸ਼ ਵਿੱਚ ਹਰ ਵਰਗ ਵੱਲੋਂ ਸ਼ਮੂਲੀਅਤ ਹੀ ਇਸ ਨੂੰ ਬਾਕੀ ਸਭ ਸੰਘਰਸ਼ਾਂ ਤੋਂ ਨਾ ਸਿਰਫ਼ ਵੱਖ ਕਰਦੀ ਹੈ। ਸਗੋਂ ਇਸਨੂੰ ਦੁਨੀਆ ਭਰ ਦੇ ਹੋਏ ਸਭ ਲੋਕ ਸੰਘਰਸ਼ਾਂ ਦੇ ਸਿਖਰ ਤੇ ਲਿਜਾ ਕੇ ਵੀ ਛੱਡਦੀ ਹੈ। ਭਾਰਤ ਸਰਕਾਰ ਕੂਟਨੀਤੀਵਾਨਾਂ ਦੀ ਇੱਕ ਕੱਟੜ ਸਰਕਾਰ ਹੈ ਜੋ ਕਿਸੇ ਵੀ ਹਾਲਤ ਵਿੱਚ ਝੁਕਣ ਤੋਂ ਮੁਨਕਰ ਹੈ। ਕਿਉਂਕਿ ਇਸ ਕੋਲ ਹਰ ਤਰ੍ਹਾਂ ਦੇ ਸਾਧਨ ਹਨ ਜਿਹਨਾਂ ਵਿੱਚ ਸਰਕਾਰੀ ਤੰਤਰ, ਸਰਕਾਰੀ ਏਜੰਸੀਆਂ, ਸਰਕਾਰ ਪੱਖੀ ਮੀਡੀਆ, ਇੱਥੋਂ ਤੱਕ ਕਿ ਸਰਕਾਰ ਨੇ ਨਿਆਂ ਪਾਲਿਕਾ ਨੂੰ ਬਹੁਤ ਹੱਦ ਤੱਕ ਆਪਣੇ ਪੱਖ ਵਿੱਚ ਹੀ ਭੁਗਤਾਇਆ ਹੈ। ਭਾਂਵੇ ਕਿ ਸਰਕਾਰ ਅੰਤਰਰਾਸ਼ਟਰੀ ਪੱਧਰ ਤੇ ਆਪਣੀ ਸਾਖ ਬਚਾਉਣ ਲਈ ਕੋਈ ਸਖਤ ਕਦਮ ਨਹੀਂ ਉਠਾ ਸਕੀ। ਪਰ ਸਰਕਾਰ ਵੱਲੋਂ ਇਸ ਲੋਕ ਸੰਘਰਸ਼ ਨੂੰ ਕਮਜੋਰ ਕਰਨ ਲਈ ਇਸ ‘ਤੇ ਕਈ ਤਰ੍ਹਾਂ ਦੇ ਇਲਜ਼ਾਮ ਲਗਾ ਕੇ ਬਦਨਾਮ ਕਰਨ ਦੀ ਪੂਰੀ ਕੋਸਿਸ਼ ਕੀਤੀ ਗਈ। ਕਦੇ ਇਸ ਨੂੰ ਖਾਲਿਸਤਾਨੀ ਕਿਹਾ ਗਿਆ। ਕਦੇ ਮਾਉਵਾਦੀ ਤੇ ਨਕਸਲਬਾੜੀ ਦਾ ਨਾਂ ਦੇ ਬਦਨਾਮ ਕਰਨ ਦੀਆਂ ਚਾਲਾਂ ਚੱਲੀਆਂ ਗਈਆਂ। ਪਰ ਕਿਸਾਨ ਜਥੇਬੰਦੀਆਂ ਦੀ ਯੋਗ ਅਗਵਾਈ ਤੇ ਲੋਕਾਂ ਵੱਲੋਂ ਭਰਵੇਂ ਸਹਿਯੋਗ ਨੇ ਇਸ ਸਰਕਾਰ ਦੇ ਹਰ ਯਤਨ ਨੂੰ ਨਾਕਾਮਯਾਬ ਕਰਕੇ ਨਵੀਂਆਂ ਪੈੜਾਂ ਪਾਈਆਂ। ਜਿਸ ਅੱਗੇ ਸਰਕਾਰ ਝੁਕਣ ਲੱਗੀ ਅਤੇ ਕਿਸਾਨਾਂ ਦੀਆਂ ਕੁਝ ਮੰਗਾਂ ਨੂੰ ਮੰਨ ਵੀ ਗਈ। ਪਰ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਤੋਂ ਜਿੱਥੇ ਸਰਕਾਰ ਅੜੀ ਰਹੀ ਉੱਥੇ ਕਿਸਾਨ ਆਗੂ ਵੀ ਆਪਣੀ ਮੰਗ ਨੂੰ ਲੈ ਕੇ ਸਥਿਰ ਰਹੇ। ਕਿਸਾਨ ਆਗੂਆਂ ਵੱਲੋਂ ਕੀਤੇ ਐਲਾਨ ਅਨੁਸਾਰ ਉਹ 26 ਜਨਵਰੀ ਵਾਲੇ ਦਿਨ ਸ਼ਾਤੀਪੂਰਵਕ ਟਰੈਕਟਰ ਪਰੇਡ ਤੇ ਦ੍ਰਿੜ ਸਨ। ਜੋ ਉਹਨਾਂ ਨੇ ਆਪਣੇ ਪ੍ਰੋਗਰਾਮ ਅਨੁਸਾਰ ਪੂਰੀ ਵੀ ਕੀਤੀ। ਪਰ ਇਸ ਦੌਰਾਨ ਕੁਝ ਲੋਕਾਂ ਨੇ ਕਿਸਾਨ ਜਥੇਬੰਦੀਆਂ ਦੇ ਉਲਟ ਜਾ ਕੇ ਪ੍ਰੋਗਰਾਮ ਤੋਂ ਬਾਹਰ ਨਿੱਕਲ ਕੇ ਲਾਲ ਕਿਲੇ ਉੱਪਰ ਜਾ ਕੇ ਖਾਲਸਈ ਅਤੇ ਕਿਸਾਨੀ ਝੰਡਾ ਝੁਲਾ ਕੇ ਜਿੱਥੇ ਇੱਕ ਨਵੇਂ ਵਿਵਾਦ ਨੂੰ ਜਨਮ ਦਿੱਤਾ ਹੈ। ਉੱਥੇ ਉਹਨਾਂ ਨੇ ਕਿਸਾਨਾਂ ਦੇ ਸੰਘਰਸ਼ ਨੂੰ ਵੀ ਵੱਡਾ ਨੁਕਸਾਨ ਪੁਚਾਇਆ ਹੈ। ਇਹ ਗੱਲਾਂ ਆਪਣੇ ਆਪ ਵਿੱਚ ਕਈ ਸਵਾਲ ਪੈਦਾ ਕਰਦੀਆਂ ਹਨ ਕਿ 26 ਜਨਵਰੀ ਵਾਲੇ ਦਿਨ ਜਿੱਥੇ ਗਣਤੰਤਰ ਦਿਵਸ ਮਨਾਇਆ ਜਾ ਰਿਹਾ ਸੀ। ਉੱਥੇ ਕਿਸਾਨਾਂ ਵੱਲੋਂ ਟਰੈਕਟਰ ਮਾਰਚ ਕਰਕੇ ਦੁਨੀਆ ਭਰ ਦੇ ਲੋਕਾਂ ਨੂੰ ਇਹ ਦਰਸਾਉਣਾ ਸੀ ਕਿ ਅਸੀਂ ਸ਼ਾਤੀ ਪੂਰਨ ਰਹਿ ਕੇ ਕਿਸਾਨ ਹਿੱਤਾਂ ਦੀ ਰਾਖੀ ਲਈ ਵੱਚਨਬੱਧ ਹਾਂ। ਸਾਡਾ ਸੰਘਰਸ਼ ਸਿਰਫ਼ ਤੇ ਸਿਰਫ਼ ਲੋਕ ਹਿੱਤਾ ਖਾਤਿਰ ਹੈ। ਕਿਸੇ ਤਰ੍ਹਾਂ ਦੀ ਰਾਜਨੀਤਕ ਭੁੱਖ ਨੂੰ ਪੂਰਾ ਕਰਨਾ ਇਸ ਸੰਘਰਸ਼ ਦਾ ਮੰਤਵ ਨਹੀਂ ਹੈ। ਕਿਸਾਨ ਆਗੂ ਵਾਰ ਵਾਰ ਲੋਕਾਂ ਨੂੰ ਅਪੀਲ ਕਰਦੇ ਰਹੇ ਕਿ ਸ਼ਾਂਤੀਪੂਰਨ ਰਹਿ ਕੇ ਅਸੀਂ ਅੱਗੇ ਵੀ ਇਸ ਸੰਘਰਸ਼ ਨੂੰ ਪੂਰਾ ਕਰਨਾ ਹੈ। ਲੋਕਾਂ ਵੱਲੋਂ ਕਿਸਾਨ ਆਗੂਆਂ ਦੇ ਵਿਸ਼ਵਾਸ਼ ਨੂੰ ਪੂਰੀ ਤਰ੍ਹਾਂ ਬਰਕਰਾਰ ਰੱਖਣ ਲਈ ਬਹੁਤ ਕੰਮ ਕੀਤਾ ਗਿਆ। ਲੋਕਾਂ ਨੇ ਕਿਸਾਨ ਆਗੂਆਂ ਦੇ ਇੱਕ ਇੱਕ ਸ਼ਬਦ ਉੱਪਰ ਫੁੱਲ ਚੜ੍ਹਾ ਕੇ ਉਹਨਾਂ ਪ੍ਰਤੀ ਹਾਂ ਪੱਖੀ ਹੁੰਗਾਰਾ ਦਿੱਤਾ। ਪਰ ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਜਿਹਨਾਂ ਲੋਕਾਂ ਨੇ ਸਰਕਾਰ ਪੱਖੀ ਭੁਗਤ ਕੇ ਮੋਰਚੇ ਦੀ ਸਾਖ ਨੂੰ ਧੁੰਦਲਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਨੂੰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਜਿੱਥੇ ਸਰਕਾਰ ਪਹਿਲਾਂ ਹੀ ਮੋਰਚੇ ਨੂੰ ਅੱਤਵਾਦੀ, ਵੱਖਵਾਦੀ, ਖਾਲਸਤਾਨੀ, ਨਕਸਲਬਾੜੀ, ਮਾਉਵਾਦੀ ਤੇ ਹੋਰ ਕਈ ਨਾਂਵਾਂ ਨਾਲ ਬਦਨਾਮ ਕਰ ਰਹੀ ਸੀ। ਤੁਸੀਂ ਇੱਥੇ ਇਹ ਝੰਡੇ ਝੁਲਾ ਕੇ ਸਰਕਾਰ ਨੂੰ ਸਹੀ ਠਹਿਰਾ ਰਹੇ ਹੋ ਅਤੇ ਮੋਰਚੇ ਨੂੰ ਪਿੱਛੇ ਧੱਕ ਰਹੇ ਹੋ। ਜਿੱਥੇ ਕਿਸਾਨ ਆਗੂ ਇਹ ਕਹਿ ਰਹੇ ਹਨ ਕਿ ਅਸੀਂ ਨੌਜਵਾਨਾਂ ਨੂੰ ਮਰਵਾਉਣ ਨਹੀਂ ਸਗੋਂ ਉਹਨਾਂ ਦਾ ਭਵਿੱਖ ਬਚਾਉਣ ਲਈ ਆਏ ਹਾਂ। ਉੱਥੇ ਤੁਸੀਂ ਲੋਕ ਨੌਜਵਾਨਾਂ ਨੂੰ ਬਲਦੀ ਦੇ ਬੂਥੇ ਵਿੱਚ ਡਾਹ ਕੇ ਆਪ ਸਿਆਸੀ ਰੋਟੀਆਂ ਸੇਕਣ ਦੀ ਤਿਆਰੀ ਕਰ ਰਹੇ ਹੋ। ਤੁਹਾਨੂੰ ਕਿਸ ਮੂੰਹ ਨਾਲ ਸੱਚੇ ਸੁੱਚੇ ਪੰਜਾਬੀ ਕਿਹਾ ਜਾਵੇ। ਕੀ ਤੁਹਾਡੇ ਵਿੱਚੋਂ ਡੋਗਰਿਆਂ ਵਾਲਾ ਅਕਸ ਨਜ਼ਰ ਨਹੀਂ ਆ ਰਿਹਾ? ਕੀ ਤੁਸੀਂ ਆਪਣੇ ਉਹਨਾਂ ਭੋਲੇ ਭਾਲੇ ਲੋਕਾਂ ਨਾਲ ਗਦਾਰੀ ਨਹੀਂ ਕਰ ਰਹੇ ਹੋ ਜੋ ਲੋਕ ਆਪਣਾ ਸਭ ਕੁਝ ਛੱਡ ਛੁਡਾ ਕੇ ਸੜਕਾਂ ਉੱਪਰ ਰੁਲ ਰਹੇ ਹਨ ? ਆਉਣ ਵਾਲਾ ਕੱਲ ਤੁਹਾਨੂੰ ਕਦੇ ਵੀ ਮਾਫ਼ ਨਹੀਂ ਕਰੇਗਾ। ਸਗੋਂ ਲੋਕ ਇਤਿਹਾਸ ਦੇ ਗੁਨਾਹਗਾਰਾਂ ਦੇ ਤੌਰ ‘ਤੇ ਸਦਾ ਲਾਹਨਤਾਂ ਭਰਿਆ ਸੁਨੇਹਾ ਦਿੰਦੇ ਰਹਿਣਗੇ। ਕੀ ਤੁਹਾਡੇ ਵੱਲੋਂ ਝੁਲਾਏ ਗਏ ਖਾਲਸਾਈ ਝੰਡੇ ਨਾਲ ਨਾਲ ਕੋਈ ਮਸਲਾ ਹੱਲ ਹੋਇਆ ? ਕੀ ਤੁਹਾਡੀ ਇਸ ਕਾਰਗੁਜ਼ਾਰੀ ਨਾਲ ਸਿੱਖੀ ਜਾਂ ਸਿੱਖਾਂ ਨੂੰ ਕੋਈ ਫਾਇਦਾ ਹੋਇਆ ? ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਸਵਾਲ ਹਨ, ਪਰ ਸਮਾਂ ਇੱਥੇ ਇਜ਼ਾਜ਼ਤ ਨਹੀਂ ਦਿੰਦਾ ਕਿ ਤੁਹਾਡੇ ਜਿਹੇ ਲੋਕਾਂ ਨਾਲ ਉਲਝਿਆ ਜਾਵੇ। ਤੁਹਾਡੀਆਂ ਕੀਤੀਆਂ ਹੋਈਆਂ ਇਹਨਾਂ ਗਲਤੀਆਂ ਦਾ ਖਮਿਆਜ਼ਾ ਨਾ ਸਿਰਫ਼ ਕਿਸਾਨ ਹੀ ਭੁਗਤਣਗੇ ਸਗੋਂ ਸਮੁੱਚੇ ਦੇਸ਼ ਦੇ ਦੁਕਾਨਦਾਰ, ਦਿਹਾੜੀਦਾਰ, ਗੱਲ ਕੀ ਹਰ ਵਰਗ ਦੇ ਲੋਕ ਵੀ ਇਸਦੀ ਸਜਾ ਭੁਗਤਿਆ ਕਰਨਗੇ। ਅੱਜ ਤੋਂ ਕੁਝ ਦਿਨ ਪਹਿਲਾਂ ਜੋ ਸਰਕਾਰ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਕਰਨ ਲਈ ਸਮਾਂ ਭਾਲਦੀ ਸੀ। ਹੁਣ ਉਹੀ ਸਰਕਾਰ ਕਿਸਾਨ ਆਗੂਆਂ ਨੂੰ ਅੱਖਾਂ ਦਿਖਾ ਰਹੀ ਹੈ। ਕਿਸਾਨ ਆਗੂਆਂ ਮੂਹਰੇ ਨਿਰਉੱਤਰ ਹੋਣ ਵਾਲੀ ਸਰਕਾਰ ਉਹਨਾਂ ਉੱਪਰ ਮੁਕੱਦਮੇ ਦਰਜ ਕਰ ਰਹੀ ਹੈ। ਲੋਕਾਂ ਨੂੰ ਖਿੰਡਾਉਣ ਲਈ ਫੌਜ ਤੱਕ ਬੁਲਾ ਲਈ ਗਈ ਹੈ। ਸਾਰੇ ਦੇਸ਼ ਵਿੱਚ ਇੱਕ ਨਾਇਕ ਵਜੋਂ ਉੱਭਰੇ ਕਿਸਾਨ ਨੂੰ ਤੁਸੀਂ ਲੋਕਾਂ ਨੇ ਖਲਨਾਇਕ ਬਣਾ ਦਿੱਤਾ ਹੈ। ਜਿਸ ਮੀਡੀਆ ਕੋਲ ਕਿਸਾਨਾਂ ਉੱਪਰ ਦੋਸ਼ ਲਾਉਣ, ਉਹਨਾਂ ਨੂੰ ਬਦਨਾਮ ਕਰਨ ਜਾਂ ਇਸ ਲੋਕ ਸੰਘਰਸ਼ ਨੂੰ ਠਿੱਬੀ ਲਾਉਣ ਲਈ ਕਿਸੇ ਤਰ੍ਹਾਂ ਦਾ ਮਸਾਲਾ ਨਹੀਂ ਮਿਲ ਰਿਹਾ ਸੀ। ਤੁਸੀਂ ਲੋਕਾਂ ਨੇ ਉਸ ਮੀਡੀਆ ਵਿੱਚ ਜਾਨ ਪਾ ਦਿੱਤੀ ਹੈ। ਉਹ ਮੀਡੀਆ ਆਪਣੀ ਚੁੱਪ ਤੋੜਦੇ ਹੋਏ ਬੜੀ ਤੇਜੀ ਨਾਲ ਕਿਸਾਨਾਂ ਉੱਪਰ ਸ਼ਬਦੀ ਗੋਲਾਬਾਰੀ ਕਰ ਰਿਹਾ ਹੈ। ਹਰ ਚੈਨਲ ਕਿਸਾਨਾਂ ਨੂੰ ਅੱਤਵਾਦੀ ਵੱਖਵਾਦੀ ਦੱਸ ਰਿਹਾ ਹੈ। ਇੱਕ ਪਾਸੇ ਆਮ ਲੋਕ ਤੇ ਉਹਨਾਂ ਦੇ ਆਗੂ ਹਨ ਅਤੇ ਦੂਸਰੇ ਪਾਸੇ ਸਰਕਾਰੀ ਤਾਕਤ, ਪੂੰਜੀਪਤੀ ਸੰਸਾਰ, ਤਾਨਾਸ਼ਾਹੀ ਹੁਕਮਰਾਨ ਤੇ ਹੋਰ ਬਹੁਤ ਕੁਝ ਹੈ। ਪਰ ਧਰਤੀ ਦੇ ਪੁੱਤਰ ਅਜੇ ਵੀ ਡਟੇ ਹੋਏ ਹਨ। ਉਪਰੋਕਤ ਦ੍ਰਿਸ਼ ਨੂੰ ਦੇਖਦਿਆਂ ਇੱਥੇ ਕੁਝ ਹੋਰ ਗੱਲਾਂ ਵੀ ਕਰਨੀਆਂ ਬਣਦੀਆਂ ਹਨ ਕਿ 26 ਜਨਵਰੀ ਨੂੰ ਕੀਤੀ ਗਈ ਟਰੈਕਟਰ ਪਰੇਡ ਵਿੱਚ ਅੰਕੜੇ ਦੱਸਦੇ ਹਨ ਕਿ ਤਿੰਨ ਲੱਖ ਟਰੈਕਟਰ ਸ਼ਾਮਿਲ ਹੋਇਆ ਅਤੇ ਹਰ ਟਰੈਕਟਰ ਉੱਪਰ ਪੰਜ ਤੋਂ ਵੱਧ ਜਣੇ ਬੈਠੇ ਸਨ। ਇਸਦੇ ਇਲਾਵਾ ਪੈਦਲ ਜਾਣ ਤੁਰਨ ਵਾਲੇ ਵੀ ਲੱਖਾਂ ਦੀ ਗਿਣਤੀ ਵਿੱਚ ਹੋਣਗੇ। ਇਹਨਾਂ ਲੋਕਾਂ ਨੇ ਪਰੇਡ ਦੌਰਾਨ ਪੂਰਨ ਸ਼ਾਂਤੀ ਬਣਾਈ ਰੱਖੀ। ਦਿੱਲੀ ਦੇ ਲੋਕਾਂ ਵੱਲੋਂ ਉਹਨਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਉਹਨਾਂ ਲਈ ਲੰਗਰ ਲਾਏ ਗਏ, ਫੁੱਲਾਂ ਦੀ ਵਰਖਾ ਕੀਤੀ ਗਈ। ਕਿਸਾਨਾਂ ਦੇ ਟਰੈਕਟਰ ਬੜੇ ਸਲੀਕੇ ਤੇ ਅਨੁਸ਼ਾਸ਼ਨਬੱਧ ਤਰੀਕੇ ਨਾਲ ਸਾਰੀ ਪਰੇਡ ਨੂੰ ਮੁਕੰਮਲ ਕਰਦੇ ਹਨ। ਬੇਸ਼ੱਕ ਪੁਲਿਸ ਵੱਲੋਂ ਉਹਨਾਂ ਨੂੰ ਭੜਕਾਉਣ ਤੇ ਗਲਤ ਰਸਤੇ ਦੇ ਕੇ ਚੱਕਰ ਵਿੱਚ ਵੀ ਪਾਇਆ ਗਿਆ। ਪਰ ਕਿਸਾਨ ਆਗੂ ਆਪਣੀ ਪਰੇਡ ਨੂੰ ਸੰਪੂਰਨ ਕਰਦੇ ਹਨ। ਜੋ ਗੱਲ ਇੱਥੇ ਧਿਆਨ ਮੰਗਦੀ ਹੈ, ਉਹ ਇਹ ਹੈ ਕਿ ਇਸ ਟਰੈਕਟਰ ਪਰੇਡ ਦੌਰਾਨ ਤਿੰਨ ਲੱਖ ਤੋਂ ਵੱਧ ਟਰੈਕਟਰ ਤੇ ਪੰਦਰਾਂ ਤੋਂ ਵੀਹ ਲੱਖ ਲੋਕਾਂ ਦੇ ਇਕੱਠ ਸਦਭਾਵਨਾ ਭਰਪੂਰ ਪਰੇਡ ਕੀਤੀ। ਉਸਨੂੰ ਕਿਸੇ ਵੀ ਰਾਸ਼ਟਰੀ ਪੱਧਰ ਦੇ ਟੀਵੀ ਚੈਨਲ ਨੇ ਦਿਖਾਇਆ ਤੱਕ ਨਹੀਂ। ਲੱਖਾਂ ਟਰੈਕਟਰਾਂ ਉੱਪਰ ਲਗਾਏ ਗਏ ਲੱਖਾਂ ਤਿਰੰਗੇ ਕਿਸੇ ਮੀਡੀਆ ਕਰਮੀ ਜਾਂ ਚੈਨਲ ਦੀ ਕਵਰੇਜ ਵਿੱਚ ਨਹੀਂ ਆਏ। ਪਰ ਇੱਕ ਕੇਸਰੀ ਝੰਡੇ ਨੂੰ ਮੁੱਦਾ ਬਣਾ ਲਿਆ। ਇਹ ਕੇਸਰੀ ਝੰਡਾ ਭਾਰਤੀ ਫੌਜਾਂ ਵਿੱਚ ਵੀ ਸ਼ਾਨ ਨਾਲ ਦੇਸ਼ ਦੀਆਂ ਸਰਹੱਦਾਂ ਉੱਪਰ ਝੂਲਦਾ ਹੈ। ਦੂਸਰੀ ਗੱਲ ਲਾਲ ਕਿਲੇ ਤੇ ਝੂਲਦੇ ਤਿਰੰਗੇ ਨੂੰ ਕਿਸੇ ਨੇ ਛੇੜਿਆ ਤੱਕ ਨਹੀਂ। ਫਿਰ ਉਸਦੇ ਅਪਮਾਨ ਵਾਲੀ ਮਨਘੜਤ ਗੱਲ ਨੂੰ ਕਿਉਂ ਪ੍ਰਚਾਰਿਆ ਜਾ ਰਿਹਾ ਹੈ। ਸਿਰਫ ਕੁਝ ਲੋਕਾਂ ਵੱਲੋਂ ਲਾਲ ਕਿਲੇ ਵਾਲੀ ਘਟਨਾ ਨੂੰ ਵੱਡੇ ਪੱਧਰ ਉੱਪਰ ਦਿਖਾ ਕੇ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਦੀ ਕੋਝੀ ਸਾਜਿਸ਼ ਰਚੀ ਹੈ। ਮੈਂ ਉਹਨਾਂ ਲੋਕਾਂ ਨੂੰ ਕਹਿਣਾ ਚਾਹਾਂਗਾ ਕਿ ਜੋ ਤੁਸੀਂ ਕਹਿ ਰਹੇ ਹੋ ਕਿ ਖਾਲਸੇ ਦੀ ਆਨ ਵਧੀ ਹੈ। ਅਜਿਹੀ ਆਨ ਸ਼ਾਨ ਦਾ ਖਾਲਸਾ ਕਦੇ ਵੀ ਮੁਥਾਜ ਨਹੀਂ ਰਿਹਾ ਹੈ। ਇਸ ਕਰਕੇ ਲੋਕਾਂ ਵਿੱਚ ਅਜਿਹਾ ਮਾਹੌਲ ਪੈਦਾ ਕਰਨ ਤੋਂ ਗੁਰੇਜ਼ ਕਰੋ ਜੋ ਕੱਟੜਤਾ ਵਾਲੇ ਪਾਸੇ ਨੂੰ ਉਤੇਜਿਤ ਕਰਦਾ ਹੋਵੇ। ਤੁਹਾਡੇ ਧਿਆਨ ਹਿੱਤ ਦੱਸ ਦੇਵਾਂ ਕਿ ਇਹ ਲੜਾਈ ਖਾਲਸੇ ਦੀ ਹੋਂਦ ਨੂੰ ਲੈ ਕੇ ਨਹੀਂ ਹੈ। ਕਿਸਾਨ ਜਥੇਬੰਦੀਆਂ ਨੇ ਸਰਬ ਲੋਕਾਂ ਦੇ ਹਿੱਤ ਹੋ ਕੇ ਸੰਘਰਸ਼ ਆਰੰਭਿਆ ਸੀ ਇਸ ਕਰਕੇ ਇਸਨੂੰ ਲੋਕ ਸੰਘਰਸ਼ ਹੀ ਰਹਿਣ ਦਿੱਤਾ ਜਾਵੇ ਤਾਂ ਜਿਆਦਾ ਉਚਿਤ ਹੋਵੇਗਾ। ਕਿਉਂਕਿ ਇਹ ਧਰਮ, ਰਾਜਨੀਤੀ ਤੋਂ ਉੱਪਰ ਉੱਠ ਕੇ ਲੜਿਆ ਗਿਆ ਲੋਕ ਇਤਿਹਾਸਕ ਲੋਕ ਸੰਘਰਸ਼ ਹੈ। ਜੇਕਰ ਅਸੀਂ ਭਾਰਤੀ ਮੀਡੀਆ ਬਾਰੇ ਗੱਲ ਕਰਦੇ ਹਾਂ ਤਾਂ ਪਤਾ ਨਹੀਂ ਕਿਉਂ ਇਹ ਇੰਨੀ ਨੀਵੀਂ ਪੱਧਰ ਤੱਕ ਡਿੱਗ ਪਿਆ ਹੈ ਕਿ ਸਿਵਾਏ ਚਾਪਲੂਸੀ, ਸਿਵਾਏ ਫਿਰਕਾਪ੍ਰਸਤੀ ਦੇ ਕੁਝ ਹੋਰ ਦਿਖਾਈ ਹੀ ਨਹੀਂ ਦੇ ਰਿਹਾ। ਕਿਉਂ ਇਸਦੇ ਪੱਤਰਕਾਰ ਭੜਕਾਊ ਬਿਆਨ ਦਾਗ ਦਾਗ ਕੇ ਲੋਕਾਂ ਵਿੱਚ ਗਲਤ ਪ੍ਰਚਾਰ ਕਰ ਰਹੇ ਹਨ। ਕਿਉਂ ਇਹਨਾਂ ਨੂੰ ਇਹ ਗੱਲਾਂ ਦਿਖਾਈ ਨਹੀਂ ਦੇ ਰਹੀਆਂ ਕਿ ਪੱਤਰਕਾਰੀ ਦਾ ਪੇਸ਼ਾ ਸੱਚ ਨੂੰ ਬਿਆਨ ਕਰਨਾ, ਲੋਕਾਂ ਸਾਹਮਣੇ ਲਿਆਉਣਾ ਹੁੰਦਾ ਹੈ ਨਾ ਕਿ ਸੱਚ ਉੱਪਰ ਪਰਦਾ ਪਾ ਕੇ ਝੂਠ ਦੀ ਤਰਫ਼ਦਾਰੀ ਕੀਤੀ ਜਾਵੇ। ਮੈਂ ਨਿਧੜਕ ਤੇ ਜਿਲ੍ਹੇਵਾਰ ਪੱਤਰਕਾਰਾਂ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਸਾਹਮਣੇ ਆਉ ਅਤੇ ਸੱਚ ਦੀ ਗੱਲ ਨੂੰ ਲੋਕਾਂ ਤੱਕ ਪਹੁੰਚਾ ਕੇ ਆਪਣਾ ਫਰਜ਼ ਨਿਭਾਓ। ਜੋ ਪੱਤਰਕਾਰ ਆਪਣੀ ਜਿਲ੍ਹੇਵਾਰੀ ਬਾਖੂਬੀ ਨਿਭਾ ਰਹੇ ਹਨ ਉਹਨਾਂ ਨੂੰ ਮੈਂ ਸਲਾਮ ਵੀ ਕਰਦਾ ਹਾਂ ਅਤੇ ਭਵਿੱਖ ਉਹਨਾਂ ਕੋਲੋਂ ਇਸ ਤਰ੍ਹਾਂ ਦੀ ਭੂਮਿਕਾ ਦੀ ਆਸ ਹੋਰ ਵੀ ਪਕੇਰੀ ਹੋਣ ਦੀ ਉਮੀਦ ਕਰਦਾ ਹਾਂ। ਅੰਤ ਵਿੱਚ ਦੇਸ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਆਪਣੀ ਚੁੱਪ ਨੂੰ ਤੋੜੋ ਅਤੇ ਲੋਕਾਂ ਸਾਹਮਣੇ ਆ ਕੇ ਸੱਚਾਈ ਦਾ ਸਾਹਮਣਾ ਕਰੋ। ਅੱਜ ਦੇਸ਼ ਭਰ ਦੇ ਕਿਸਾਨ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਸੜਕਾਂ ਤੇ ਉੱਤਰੇ ਹੋਏ ਹਨ। ਤੁਸੀਂ ਖੇਤੀ ਕਾਨੂੰਨ ਵਾਪਸ ਲੈ ਕੇ ਦੇਸ਼ ਦੇ ਲੋਕਾਂ ਦੇ ਹੱਕ ਵਿੱਚ ਖੜੋ ਨਾ ਕਿ ਉਹਨਾਂ ਦੇ ਵਿਰੋਧ ਵਿੱਚ ਖੜ ਕੇ ਦੇਸ਼ ਦੀ ਰੀੜ ਦੀ ਹੱਡੀ ਕਹੇ ਜਾਣ ਵਾਲੇ ਕਿਸਾਨ ਨਾਲ ਧੱਕਾ ਕਰੋ। ਆਪ ਜੀ ਨੂੰ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਲੋਕ ਸੰਘਰਸ਼ ਦੇ ਮੂਹਰੇ ਦੁਨੀਆ ਭਰ ਦੀ ਕੋਈ ਤਾਕਤ ਨਹੀਂ ਟਿਕ ਸਕੀ। ਆਪ ਜੀ ਦੀ ਸਰਕਾਰ ਵੀ ਇੱਕ ਦਿਨ ਗੋਡੇ ਟੇਕ ਦੇਵੇਗੀ ਅਤੇ ਤੁਸੀਂ ਲੋਕ ਆਉਣ ਵਾਲੇ ਕੱਲ ਦੇ ਜਵਾਬਦੇਹ ਹੋਵੋਗੇ। ਅਜੇ ਸਮਾਂ ਹੈ ਕਿ ਤੁਸੀਂ ਮੌਕਾ ਸੰਭਾਲ ਸਕਦੇ ਹੋ। ਲੋਕਾਂ ਦੀ ਪ੍ਰਸੰਸਾ ਦੇ ਪਾਤਰ ਬਣ ਸਕਦੇ ਹੋ। ਆਖਿਰ ਤੁਸੀਂ ਲੋਕਾਂ ਦੇ ਹੋ ਅਤੇ ਲੋਕ ਤੁਹਾਡੇ ਹਨ।





ਬਲਵਿੰਦਰ ਸਿੰਘ ਚਾਹਲ
(ਯੂ. ਕੇ.)
bindachahal@gmail.com

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ
iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ ‘ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ ‘ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ
YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899
Tarlok (Tony) Chandi
778-858-7878
Arjun Singh
604.760.3661




# ਰਾਕੇਸ਼ ਟਿਕੈਤ ਦੇ ਹੰਝੂਆਂ ਨੇ ਦਿੱਤੀ ਕਿਸਾਨ ਅੰਦੋਲਨ ਨੂੰ ਨਵੀਂ ਤਾਕਤ

**ਸੁਖਵਿੰਦਰ ਸਿੰਘ ਚੋਹਲਾ**

**"ਕਿਸੇ ਦਾ ਸੂਰਜ ਕਿਸੇ ਦਾ ਦੀਵਾ ਕਿਸੇ ਦਾ ਤੀਰ ਕਮਾਨ**
**ਸਾਡੀ ਅੱਖ ਚੋ ਡਿਗਦਾ ਹੰਝੂ ਸਾਡਾ ਚੋਣ ਨਿਸ਼ਾਨ।"**

ਕਿਸਾਨ ਆਗੂ ਰਾਕੇਸ਼ ਟਿਕੈਤ ਦੀ ਅੱਖ ਚੋ ਡਿਗਿਆ ਹੰਝੂ ਅਜੇ ਚੋਣ ਨਿਸ਼ਾਨ ਤਾਂ ਨਹੀ ਬਣਿਆ ਪਰ ਇਹ ਰਾਜਧਾਨੀ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਕਿਸਾਨਾਂ ਦੇ ਸੰਘਰਸ਼ ਦੇ ਰੋਹ ਦਾ ਪ੍ਰਤੀਕ ਜ਼ਰੂਰ ਬਣ ਗਿਆ ਹੈ। ਉਹ ਰੋਹ ਜੋ ਰਾਤੋ ਰਾਤ ਜਨ ਸੈਲਾਬ ਬਣਕੇ ਗਾਜ਼ੀਪੁਰ ਦੇ ਬਾਰਡਰ ਉਪਰ ਪਹੁੰਚ ਗਿਆ। ਉਹ ਰੋਹ ਜੋ ਲੱਖਾਂ ਲੋਕਾਂ ਨੂੰ ਭਾਵੁਕ ਕਰਦਿਆਂ ਉਹਨਾਂ ਦੇ ਅੰਦਰ ਇਕ ਜੁਆਲਾ ਭਖਾ ਗਿਆ। ਉਹ ਰੋਹ ਜੋ ਕਿਸਾਨਾਂ ਉਪਰ ਜਬਰੀ ਠੋਸੇ ਜਾ ਰਹੇ ਕਾਲੇ ਖੇਤੀ ਕਨੂੰਨਾਂ ਖਿਲਾਫ ਮੁੱਠੀਆਂ ਮੀਚ ਲੈਣ ਦਾ ਸੁਨੇਹਾ ਬਣ ਗਿਆ। ਅੱਖ ਚੋ ਡਿੱਗੇ ਹੰਝੂ ਨੇ ਸੁਨੇਹਾ ਦਿੱਤਾ ਕਿ ਕਿਸਾਨ ਆਗੂ ਦੇ ਮਾਂ ਪਿਉ ਜਾਏ, ਹਮਸਾਏ ਤੇ ਆਪਣਿਆਂ ਨੇ ਉਸਦੀ ਬੇਬਸੀ, ਦਰਦ ਦੀ ਪੁਕਾਰ ਨੂੰ ਸੁਣਿਆ ਤੇ ਉਹ ਵਹੀਰਾਂ ਘੱਤ ਤੁਰੇ। ਟੀ ਵੀ ਚੈਨਲ ਕਹਿ ਰਹੇ ਸਨ ਕਿ ਕਿਸਾਨ ਆਗੂ ਦੀ ਅਗਵਾਈ ਵਾਲਾ ਗਾਜ਼ੀਪੁਰ ਮੋਰਚਾ ਖੁਰ ਗਿਐ। ਉਹ ਇਕੱਲਾ ਪੈ ਗਿਆ ਹੈ। ਪੁਲਿਸ ਅਤੇ ਅਰਧ ਸੈਨਿਕ ਬਲਾਂ ਦੀਆਂ ਧਾੜਾਂ ਉਸਨੂੰ ਗ੍ਰਿਫਤਾਰ ਕਰਨ ਪਹੁੰਚ ਰਹੀਆਂ ਹਨ। ਸ਼ਾਇਦ ਉਹ ਸੰਭਾਵੀ ਗ੍ਰਿਫਤਾਰੀ ਦੇ ਡਰੋ ਰੋ ਰਿਹਾ ਹੈ। ਉਸਦੀ ਆਵਾਜ਼ ਦੀ ਘਿੱਗੀ ਬੱਝ ਗਈ ਹੈ। ਪਰ ਨਹੀਂ, ਉਹ ਰੋ ਕਦ ਰਿਹਾ ਸੀ। ਉਹ ਤਾਂ ਅੰਦੋਲਨ ਨੂੰ ਤੋੜਨ ਲਈ ਸਰਕਾਰ ਵਲੋਂ ਕੀਤੇ ਜਾ ਰਹੇ ਛਲ ਕਪਟ ਨੂੰ ਲਾਹਨਤਾਂ ਪਾ ਰਿਹਾ ਸੀ। ਆਪਣੇ ਹੱਥੀ ਸੰਵਾਰੇ ਸਿਆਸਤਦਾਨਾਂ ਦੀ ਬਈਮਾਨੀ ਤੇ ਮੱਕਾਰੀ ਨੂੰ ਜਦੋਂ ਉਸ ਲਾਹਨਤ ਪਾਈ ਤਾਂ ਦਿਲ ਦਾ ਗੁੱਭ ਭਰਿਆ ਗਿਆ। ਭਾਜਪਾ ਵਿਧਾਇਕ ਦੀ ਅਗਵਾਈ ਹੇਠ ਬਦਮਾਸ਼ਾਂ ਦੇ ਟੋਲੇ ਵਿਚ ਘਿਰਿਆ ਮਹਿਸੂਸ ਕੀਤਾ ਤਾਂ ਭਰਾਵਾਂ ਨੂੰ ਆਵਾਜ਼ ਦਿੰਦਿਆਂ ਧਾਹ ਨਿਕਲ ਗਈ। ਬਦਮਾਸ਼ ਜੋ ਉਸਨੂੰ ਦੇਸ਼ ਧਰੋਹੀ ਦੱਸ ਰਹੇ ਸਨ ਤੇ ਲਾਠੀਆਂ ਪੱਥਰਾਂ ਨਾਲ ਲੈਸ ਹੋ ਪੁਲਿਸ ਦੀ ਪਹਿਰੇਦਾਰੀ ਹੇਠ ਧਮਕਾ ਰਹੇ ਸਨ। ਧਰਨਾ ਨਾ ਚੁੱਕਣ ਦੀ ਸੂਰਤ ਵਿਚ ਕੁੱਟਮਾਰ ਦੀਆਂ ਧਮਕੀਆਂ ਦੇ ਰਹੇ ਸਨ। ਜਿਸ ਸੰਵਿਧਾਨ ਪ੍ਰਤੀ ਆਸਥਾ ਦਾ ਉਹ ਤਾਉਮਰ ਦਮ ਭਰਦਾ ਰਿਹਾ ਅੱਜ ਉਸੇ ਦੀ ਆੜ ਹੇਠ ਉਸ ਖਿਲਾਫ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕਰਕੇ ਜੇਲ ਵਿਚ ਸੁੱਟਣ ਦੀ ਤਿਆਰੀ ਹੋ ਰਹੀ ਸੀ। ਆਪਣੇ ਹੱਕਾਂ ਲਈ ਲੜ ਰਹੇ ਕਿਸਾਨਾਂ ਦੀ ਅਗਵਾਈ ਕਰਦਿਆਂ ਉਹ ਦੇਸ਼ ਧਰੋਹੀ ਕਿਵੇ ਹੋ ਗਿਆ? ਇਹ ਸੋਚਦਿਆਂ ਉਸਦੇ ਸਬਰ ਦਾ ਬੰਨ ਟੁੱਟ ਗਿਆ। ਉਹ ਧਾਹਾਂ ਮਾਰ ਰੋ ਪਿਆ ਕਿ ਉਹ ਕਿਸ ਦੇਸ਼ ਦਾ ਵਾਸੀ ਹੈ? ਸ਼ਾਇਦ ਉਸਨੂੰ ਵੋਟਾਂ ਰਾਹੀ ਚੁਣੇ ਜਾਣ ਵਾਲੇ ਸਿਆਸਤਦਾਨਾਂ ਦੇ ਤਾਨਾਸ਼ਾਹ ਹਾਕਮ ਬਣ ਜਾਣ ਦਾ ਪਹਿਲੀ ਵਾਰ ਅਹਿਸਾਸ ਹੋਇਆ ਸੀ। ਉਹ ਚਿਲਾਇਆ ਕਿ ਜਿਸ ਭਾਰਤੀ ਜਨਤਾ ਪਾਰਟੀ ਦੀ ਉਸਨੇ ਮਦਦ ਕੀਤੀ। ਯੋਗੀ ਸਰਕਾਰ ਬਣਾਉਣ ਲਈ ਵੱਡਾ ਯੋਗਦਾਨ ਪਾਇਆ, ਅੱਜ ਉਸੇ ਸਰਕਾਰ ਨੇ ਉਸਨੂੰ ਦੇਸ਼ ਧਰੋਹੀ ਬਣਾ ਦਿੱਤਾ ਸੀ। ਉਹ ਚੀਖਿਆ ਕਿ ਉਹ ਮਰ ਜਾਵੇਗਾ ਪਰ ਧਰਨੇ ਤੋ ਨਹੀਂ ਉਠੇਗਾ, ਕਿਸਾਨ ਸਾਥੀਆਂ ਨੂੰ ਇਕੱਲਾ ਨਹੀ ਛੱਡੇਗਾ। ਗ੍ਰਿਫਤਾਰੀ ਨਹੀਂ ਦੇਵੇਗਾ। ਉਸਨੇ ਖੇਤੀ ਕਨੂੰਨ ਰੱਦ ਨਾ ਹੋਣ ਦੀ ਸੂਰਤ ਵਿਚ ਆਤਮਦਾਹ ਕਰ ਲੈਣ ਦੀ ਧਮਕੀ ਵੀ ਦੇ ਦਿੱਤੀ। ਪਰ ਇਸ ਦੌਰਾਨ ਉਸਦੇ ਹੰਝੂਆਂ ਨੇ ਉਹ ਕਰ ਵਿਖਾਇਆ ਜਿਸਦਾ ਸਰਕਾਰ ਜਾਂ ਗੋਦੀ ਮੀਡੀਆ ਨੂੰ ਕੋਈ ਖਿਆਲ ਨਹੀ ਸੀ। ਗੋਦੀ ਮੀਡੀਆ ਗਾਜ਼ੀਪੁਰ ਬਾਰਡਰ ਤੋਂ ਧਰਨਾ ਖਤਮ ਹੋਣ ਦੀਆਂ ਖਬਰਾਂ ਦੇ ਰਿਹਾ ਸੀ ਕਿ ਰਾਤੋ ਰਾਤ ਹਜ਼ਾਰਾਂ ਕਿਸਾਨ ਰਾਕੇਸ਼ ਟਿਕੈਤ ਦੀ ਮਦਦ ਲਈ ਪੁੱਜ ਗਏ। ਮੁਜੱਫਰਨਗਰ ਦੀ ਮਹਾਂਪੰਚਾਇਤ ਨੇ ਕਿਸਾਨ ਅੰਦੋਲਨ ਦੀ ਹਮਾਇਤ ਦਾ ਫੈਸਲਾ ਲਿਆ ਕਿ ਯੋਗੀ ਸਰਕਾਰ ਨੂੰ ਧਰਨਾ ਉਠਾਉਣ ਲਈ ਲਗਾਈ ਗਈ ਪੁਲਿਸ ਫੋਰਸ ਵੀ ਵਾਪਿਸ ਬੁਲਾਉਣ ਲਈ ਮਜ਼ਬੂਰ ਹੋਣਾ ਪਿਆ।



ਕਿਸਾਨ ਅੰਦੋਲਨ ਦੇ ਜਰਨੈਲ ਬਣ ਉਭਰੇ ਰਾਕੇਸ਼ ਟਿਕੈਤ ਦੇ ਅਥਰੂਆਂ ਦੀ ਤਾਕਤ ਨੇ ਹੁਣ ਸੰਕੇਤ ਦਿੱਤੇ ਹਨ ਕਿ ਸਰਕਾਰ ਅੰਦੋਲਨਕਾਰੀ ਕਿਸਾਨਾਂ ਨਾਲ ਟੁੱਟ ਚੁੱਕੀ ਗੱਲਬਾਤ ਮੁੜ ਸ਼ੁਰੂ ਕਰ ਸਕਦੀ ਹੈ। ਸੂਤਰ ਦੱਸਦੇ ਹਨ ਕਿ ਪੱਛਮੀ ਯੂ ਪੀ ਵਿਚ ਟਿਕੈਤ ਪਰਿਵਾਰ ਦੀ ਤਾਕਤ ਨੂੰ ਘੱਟ ਆਂਕਣ ਦੀ ਭੁੱਲ ਕਰਨ ਵਾਲੀ ਸਰਕਾਰ ਹੁਣ ਬਹੁਗਿਣਤੀ ਹਿੰਦੂ ਜਾਟ ਵਸੋਂ ਦੀਆਂ ਵੋਟਾਂ ਨੂੰ ਗਵਾਉਣ ਦਾ ਕਦੇ ਵੀ ਖਤਰਾ ਨਹੀ ਸਹੇੜੇਗੀ। ਸ਼ਾਇਦ ਇਸੇ ਲਈ ਭਾਜਪਾ ਦੇ ਕਈ ਸਥਾਨਕ ਆਗੂ ਹੁਣ ਵਿਧਾਇਕ ਨੰਦ ਕਿਸ਼ੋਰ ਗੁਰਜਰ ਦੇ ਕਿਸਾਨ ਅੰਦੋਲਨ ਖਿਲਾਫ ਨਫਰਤੀ ਰਵੱਈਏ ਦੀ ਨਿੰਦਾ ਕਰਦੇ ਨਜ਼ਰ ਆਉਣ ਲੱਗੇ ਹਨ।

ਉਧਰ ਸਿੰਘੂ ਅਤੇ ਟਿਕਰੀ ਬਾਰਡਰਾਂ ਉਪਰ ਪੰਜਾਬੀ ਤੇ ਸਿੱਖ ਕਿਸਾਨਾਂ ਦੀ ਬਹੁਤਾਤ ਵਾਲੇ ਧਰਨਿਆਂ ਨੂੰ ਉਠਾਉਣ ਲਈ ਸਰਕਾਰ ਵਲੋਂ ਅਪਣਾਈ ਗਈ ਨੀਤੀ ਦੀ ਵੀ ਆਲੋਚਨਾ ਹੋਣ ਲੱਗੀ ਹੈ। ਮੋਦੀ ਸਰਕਾਰ ਨੇ ਸਿੱਖ ਕਿਸਾਨਾਂ ਪ੍ਰਤੀ ਕਾਂਗਰਸੀ ਹਕੂਮਤਾਂ ਵਾਲਾ ਫਾਰਮੂਲਾ ਵਰਤਣ ਦੀ ਜੋ ਨੀਤੀ ਅਪਨਾਉਣੀ ਚਾਹੀ, ਉਸ ਨਾਲ ਧਰਮ ਨਿਰਪੱਖ ਧਿਰਾਂ ਅਤੇ ਸਿਆਸੀ ਵਿਰੋਧੀ ਪਾਰਟੀਆਂ ਸਰਕਾਰ ਦੀ ਕਰੜੀ ਨਿੰਦਾ ਕਰਦੀਆਂ ਸਾਹਮਣੇ ਆਈਆਂ ਹਨ। 26 ਜਨਵਰੀ ਨੂੰ ਕਿਸਾਨਾਂ ਦੀ ਟਰੈਕਟਰ ਪਰੇਡ ਦੌਰਾਨ ਲਾਲ ਕਿਲੇ ਉਪਰ ਕੇਸਰੀ ਨਿਸ਼ਾਨ ਝੁਲਾਏ ਜਾਣ ਦੀ ਘਟਨਾ ਨੂੰ ਸਰਕਾਰ ਅਤੇ ਭਾਜਪਾ ਸਮਰਥਕਾਂ ਨੇ ਜਿਵੇਂ ਵੱਡਾ ਹਊਆ ਬਣਾਕੇ ਪੇਸ਼ ਕਰਨ ਦਾ ਯਤਨ ਕੀਤਾ, ਉਸਨੇ ਮੋਦੀ ਸਰਕਾਰ ਦੀ ਆਮ ਲੋਕਾਂ ਵਿਚ ਛਬੀ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਇਲੈਕਟ੍ਰੋਨਿਕ ਮੀਡੀਆ ਵਲੋਂ ਪੰਜਾਬੀ ਕਿਸਾਨਾਂ ਖਿਲਾਫ ਭੰਡੀ ਪਰਚਾਰ ਕਰਦਿਆਂ ਸਰਕਾਰੀ ਤੰਤਰ ਦੀ ਜਿਵੇਂ ਬੇਸ਼ਰਮੀ ਨਾਲ ਵਕਾਲਤ ਕੀਤੀ ਗਈ, ਉਹ ਗਿਰਾਵਟ ਦੀ ਸਿਖਰ ਹੈ। ਸਰਕਾਰ ਦੁਆਰਾ ਕਿਸਾਨ ਅੰਦੋਲਨ ਨੂੰ ਖਤਮ ਕਰਨ ਲਈ ਕਿਵੇ ਦੇ ਹੱਥਕੰਡੇ ਅਪਣਾਏ ਜਾ ਰਹੇ ਹਨ, ਉਸਨੇ ਤੰਤਰ ਦਾ ਪੂਰੀ ਤਰਾਂ ਮਜ਼ਾਕ ਬਣਾਕੇ ਰੱਖ ਦਿੱਤਾ ਹੈ। ਹਰ ਆਮ ਵਿਅਕਤੀ ਜਾਣਦਾ ਹੈ ਕਿ ਲਗਾਤਾਰ ਦੋ ਮਹੀਨੇ ਤੋ ਸ਼ਾਂਤਮਈ ਅੰਦੋਲਨ ਨੂੰ ਸਫਲ ਬਣਾਉਣ ਲਈ ਲੱਗੇ ਕਿਸਾਨ ਆਗੂ ਕੋਈ ਗਲਤੀ ਕਿਉਂ ਕਰਨਗੇ ਪਰ ਸਰਕਾਰ ਅਤੇ ਭਾਜਪਾ ਦੇ ਰਚੇ ਬਿਰਤਾਂਤ ਨੇ ਬੇਸ਼ਰਮੀ ਦੀ ਕੋਈ ਕਸਰ ਨਹੀ ਛੱਡੀ। ਅੰਦੋਲਨ ਦੀ ਅਗਵਾਈ ਕਰ ਰਹੇ ਸੰਯੁਕਤ ਕਿਸਾਨ ਮੋਰਚੇ ਵਲੋਂ ਲਾਲ ਕਿਲੇ ਉਪਰ ਸ਼ਰਾਰਤੀ ਘਟਨਾ ਲਈ ਜ਼ਿੰਮੇਵਾਰ ਲੋਕਾਂ ਨਾਲ ਕੋਈ ਵੀ ਸਬੰਧ ਹੋਣ ਤੋ ਇਨਕਾਰ ਕੀਤੇ ਜਾਣ ਦੇ ਬਾਵਜੂਦ ਕਿਸਾਨ ਆਗੂਆਂ ਖਿਲਾਫ ਹਿੰਸਾ ਫੈਲਾਉਣ ਤੇ ਦੇਸ਼ ਧਰੋਹ ਦੀਆਂ ਵੱਡੀਆਂ ਤੇ ਖਤਰਨਾਕ ਧਾਰਾਵਾਂ ਤਹਿਤ ਕੇਸ ਦਰਜ ਕਰ ਦਿੱਤੇ ਗਏ ਹਨ। ਸਰਕਾਰ ਨੇ ਆਪਣੀਆਂ ਏਜੰਸੀਆਂ ਤੇ ਅੰਦੋਲਨ ਵਿਚ ਪਲਾਂਟ ਕੀਤੇ ਆਪਣੇ ਏਜੰਟਾਂ ਦੁਆਰਾ ਵੱਡੀ ਸ਼ਰਾਰਤ ਨੂੰ ਅੰਜ਼ਾਮ ਦੇਕੇ ਅੰਦੋਲਨ ਨੂੰ ਬਦਨਾਮ ਕਰਨ ਤੇ ਤੋੜਨ ਦੀ ਜੋ ਸਾਜਿਸ਼ ਰਚੀ, ਉਹ ਚਿੱਟੇ ਦਿਨ ਵਾਂਗ ਸਾਫ ਹੈ। ਇਹ ਵੀ ਸਾਫ ਹੈ ਕਿ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਵਰਤੇ ਗਏ ਸਰੋਤ ਵੀ ਉਸਦੇ ਆਪਣੇ ਹਨ ਤੇ ਸਾਧਨ ਵੀ। ਇਕ ਖਾਲਿਸਤਾਨੀ ਆਗੂ ਸੋਸ਼ਲ ਮੀਡੀਆ ਉਪਰ ਆਪਣੀ ਯੋਜਨਾ ਬਿਆਨਦਾ ਹੈ, ਲਾਲ ਕਿਲੇ ਉਪਰ ਕੇਸਰੀ ਨਿਸ਼ਾਨ ਲਹਿਰਾਏ ਜਾਣ ਲਈ ਲੱਖਾਂ ਡਾਲਰ ਇਨਾਮ ਦੇਣ ਦੇ ਸ਼ਰੇਆਮ ਐਲਾਨ ਕਰਦਾ ਹੈ ਪਰ ਦੋਸ਼ੀ ਕਿਸਾਨ ਆਗੂ ਠਹਿਰਾਏ ਜਾਂਦੇ ਹਨ। ਅਜਿਹਾ ਕਿਉਂ?

ਇਸ ਸਾਰੀ ਸਾਜਿਸ਼ ਵਿਚ ਸਰਕਾਰ ਦੀ ਬਦਨੀਤੀ ਦੀ ਨਵੀਂ ਉਦਾਹਰਣ ਇਹ ਹੈ ਕਿ ਦਿੱਲੀ ਦੇ ਬਾਹਰ ਧਰਨੇ 'ਤੇ ਬੈਠੇ ਕਿਸਾਨਾਂ ਉਪਰ ਪੁਲਿਸ ਦੀ ਸ਼ਹਿ ਪ੍ਰਾਪਤ ਆਮ ਲੋਕਾਂ ਦੇ ਲਬਾਦੇ ਹੇਠ ਭਾਜਪਾ ਵਰਕਰਾਂ ਦੁਆਰਾ ਪਥਰਾਅਬਾਜ਼ੀ ਕੀਤੀ ਜਾ ਰਹੀ ਹੈ ਤੇ ਪ੍ਰਚਾਰਿਆ ਜਾ ਰਿਹਾ ਹੈ ਕਿ ਆਮ ਲੋਕ ਕਿਸਾਨ ਧਰਨੇ ਕਾਰਣ ਪ੍ਰੇਸ਼ਾਨ ਹਨ। ਕਿਸਾਨ ਆਗੂਆਂ ਖਿਲਾਫ ਕੇਸ ਦਰਜ ਕਰਕੇ, ਉਹਨਾਂ ਖਿਲਾਫ ਸਰਚ ਆਉਟ ਨੋਟਿਸ ਜਾਰੀ ਕਰਕੇ ਪੁਲਿਸ ਤਸ਼ੱਦਦ ਦੀ ਖੇਡ ਖੇਡੀ ਜਾ ਰਹੀ ਹੈ। ਕੀ ਇਹ ਸਭ ਤਾਂ ਹੈ ਕਿ ਉਹ ਪੰਜਾਬੀ ਹਨ, ਸਿੱਖ ਹਨ? ਉਹਨਾਂ ਨੇ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦੀ ਥਾਂ ਵਿਰੋਧੀ ਪਾਰਟੀਆਂ ਨੂੰ ਵਧੇਰੇ ਸੀਟਾਂ ਜਿਤਾਈਆਂ ਸਨ। ਗਨੀਮਤ ਹੈ ਕਿ ਇਹ ਕਿਸਾਨ ਅੰਦੋਲਨ ਕੇਵਲ ਪੰਜਾਬੀ ਕਿਸਾਨਾਂ ਦਾ ਨਹੀ ਹੈ। ਉਹਨਾਂ ਦੇ ਨਾਲ ਦੇਸ਼ ਭਰ ਦੇ ਕਿਸਾਨ ਆਣ ਖੜੇ ਹੋਏ ਹਨ। ਰਾਕੇਸ਼ ਟਿਕੈਤ ਦੀ ਅਗਵਾਈ ਹੇਠ ਜਾਟ ਭਾਈਚਾਰੇ ਦੇ ਡਟਵੇਂ ਸਾਥ ਨਾਲ ਅੰਦੋਲਨ ਦੀ ਸਫਲਤਾ ਦੇ ਆਸਾਰ ਵਧੇ ਹਨ। ਟਿਕੈਤ ਦੇ ਹੰਝੂ ਕੇਵਲ ਯੂ ਪੀ ਨਹੀ ਮੁਲਕ ਭਰ ਵਿਚ ਕਿਸਾਨਾਂ ਦੀ ਤਾਕਤ ਬਣੇ ਹਨ। ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਅੱਗੇ ਇਹ ਹੰਝੂ ਹੁਣ ਕਿਸਾਨ ਹੀ ਨਹੀ ਆਮ ਲੋਕਾਂ ਦੀ ਨਫਰਤ ਦੇ ਵਣਜਾਰਿਆਂ ਨੂੰ ਚੁਣੌਤੀ ਦਾ ਚਿੰਨ੍ਹ ਵੀ ਬਣਨਗੇ।


**CAN-AM LUMBER MILL**

**WE CAN NOW SUPPLY COMPLETE HOME PACKAGE**

Engineered Floor Joists, Roof Trusses
All the Framing lumber, Plywoods for Floors, Walls & Roof

**Always Low Prices**

2X6X8' Kiln Dry Fir **$4.95 EA**
1X4 Red Cedar 10' **$2.95 EA**
4X8X3/8" Paint Grade Plywood **$21.95 EA**
4X8X1/2" Paint Grade Plywood **$29.95 EA**

***APNA PUNJABI LUMBER YARD***
RING: MALKIT OR SAM SANGHA
**604-580-1415**
11635 130th St., Surrey, FAX: 604-580-1528
Email: can-ambuildingsupply@shaw.ca

***We Deliver to Your Job Site (Even to the Moon)***
"Where the Builders Buy"



**HOMELAND MORTGAGE CORP.**


ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

**Professional & Experienced MORTGAGE CONSULTANTS**



Ph: **604-593-6622**
Fax: 604-593-6615
**Unit 204 - 7928 128 St. (York Business Centre) Surrey**



**HARDEV SINGH GREWAL**
Mortgage Consultant
**Cell: 604-500-3920**

www.homelandmortgage.ca,
homelandmortgage@hotmail.com


**KULDIP S PANESAR**
Senior Mortgage Advisor
**Cell: 604-308-6839**

# ਗੈਂਗਵਾਰ-ਬਰਨਬੀ ਤੇ ਸਰੀ ਵਿਚ ਦੋ ਹੋਰ ਨੌਜਵਾਨ ਗੋਲੀ ਦੇ ਸ਼ਿਕਾਰ-ਇਕ ਜ਼ਖ਼ਮੀ

ਵੈਨਕੂਵਰ- ਲੋਅਰ ਮੇਨਲੈਂਡ ਵਿਚ ਗੈਂਗਵਾਰ ਰੁਕਣ ਦਾ ਨਾਮ ਨਹੀ ਲੈ ਰਹੀ। ਬੁਧਵਾਰ ਦੀ ਸ਼ਾਮ ਬਰਨਬੀ ਦੀ ਪੋਰਟਲੈਂਡ ਸਟਰੀਟ ਦੇ 6500 ਬਲਾਕ ਵਿਚ ਚੱਲੀ ਗੋਲੀ ਉਪਰੰਤ ਇਕ 32 ਸਾਲਾ ਨੌਜਵਾਨ ਦੀ ਲਾਸ਼ ਇਕ ਕਾਰ ਵਿਚੋ ਮਿਲੀ। ਜਦੋਂਕਿ ਵੀਰਵਾਰ ਦੀ ਸਵੇਰ ਨੂੰ ਵੈਲੀ ਗਿਲਫੋਰਡ ਇਲਾਕੇ ਵਿਚ ਸਥਿਤ ਇਕ ਘਰ ਵਿਚ ਹੋਈ ਗੋਲੀਬਾਰੀ ਦੌਰਾਨ ਦੋ ਨੌਜਵਾਨ ਗੰਭੀਰ ਜ਼ਖਮੀ ਹੋ ਗਏ ਜਿਹਨਾਂ ਵਿਚ ਇਕ ਦੀ ਹਸਪਤਾਲ ਵਿਚ ਮੌਤ ਹੋ ਗਈ। ਨਵਾਂ ਸਾਲ ਚੜਨ ਤੋ ਹੁਣ ਤੱਕ ਲੋਅਰ ਮੇਨਲੈਂਡ ਵਿਚ ਗੋਲੀਬਾਰੀ ਦੀਆਂ 14 ਘਟਨਾਵਾਂ ਵਾਪਰ ਚੁੱਕੀਆਂ ਹਨ ਜਿਹਨਾਂ ਵਿਚੋ 9 ਘਟਨਾਵਾਂ ਵਿਚ ਜਾਨਾਂ ਗਈਆਂ ਹਨ। ਪੁਲਿਸ ਮੁਤਾਬਿਕ ਲੋਅਰ ਮੇਨਲੈਂਡ ਵਿਚ ਚਲ ਰਹੀ ਗੈਂਗਵਾਰ ਤੇਜ ਹੋ ਗਈ ਹੈ ਪਰ ਇਸ ਨਾਲ ਆਮ ਜਨਤਾ ਨੂੰ ਕੋਈ ਖਤਰਾ ਨਹੀ ਹੈ।

# ਪੰਜਾਬੀ ਸ਼ਾਇਰ ਤੇ ਫ਼ਿਲਮਸਾਜ਼ ਦਰਸ਼ਨ ਦਰਵੇਸ਼ ਦਾ ਦੇਹਾਂਤ

ਭੀਖੀ-ਪੰਜਾਬੀ ਦੇ ਮਕਬੂਲ ਸ਼ਾਇਰ ਤੇ ਫ਼ਿਲਮਸਾਜ਼ ਦਰਸ਼ਨ ਦਰਵੇਸ਼ (60) ਦਾ ਬੀਤੇ ਦਿਨ ਦੇਹਾਂਤ ਹੋ ਗਿਆ। ਉਹ ਜਿਗਰ ਦੀ ਬਿਮਾਰੀ ਤੋਂ ਪੀੜਤ ਸਨ। ਉਨ੍ਹਾਂ ਦੇ ਕਾਵਿ ਪੁਸਤਕਾਂ 'ਉਦਾਸ ਸਿਰਲੇਖ' ਅਤੇ 'ਕੁੜੀਆਂ ਨੂੰ ਸਵਾਲ ਨਾ ਕਰੋ', ਇੱਕ ਨਾਵਲ ਤੇ ਇੱਕ ਕਹਾਣੀ-ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ। ਕਈ ਪ੍ਰਸਿੱਧ ਪੰਜਾਬੀ ਰਸਾਲਿਆਂ ਲਈ ਲਿਖਣ ਵਾਲੇ ਦਰਵੇਸ਼ ਨੇ 1981 ਵਿੱਚ ਆਪਣਾ ਸਾਹਿਤਕ ਰਸਾਲਾ 'ਸਿਰਨਾਵਾਂ' ਸ਼ੁਰੂ ਕੀਤਾ। 1995 ਵਿੱਚ ਉਹ ਮੁੰਬਈ ਚਲੇ ਗਏ, ਜਿੱਥੇ ਪੰਜਾਬੀ ਫ਼ਿਲਮ ਤੂਫ਼ਾਨ ਵਿੱਚ ਕੰਮ ਕੀਤਾ। ਫ਼ਿਲਮ 'ਮਾਚਿਸ' ਵਿੱਚ ਉਹ ਹਿੰਦੀ ਸਿਨੇਮਾ ਦੇ ਪ੍ਰਸਿੱਧ ਫੋਟੋਗ੍ਰਾਫਰ ਮਨਮੋਹਨ ਸਿੰਘ ਨਾਲ ਬਤੌਰ ਸਹਾਇਕ ਕੈਮਰਾਮੈਨ ਰਹੇ। ਉਨ੍ਹਾਂ ਪੰਜਾਬੀ ਦੀ ਲਘੂ ਫ਼ਿਲਮ 'ਵੱਤਰ' ਤੋਂ ਬਾਅਦ ਪੰਜਾਬੀ ਦੀ ਸਿਨੇਮਾਸਕੋਪ ਫਿਲਮ 'ਦਿ ਬਲੱਡ ਸਟਰੀਟ' ਬਤੌਰ ਨਿਰਦੇਸ਼ਕ ਬਣਾਈ। ਦਰਸ਼ਨ ਦਰਵੇਸ਼ ਮਾਨਸਾ ਜ਼ਿਲ੍ਹੇ ਦੇ ਪਿੰਡ ਕਿਸ਼ਨਗੜ੍ਹ ਫਰਵਾਹੀ ਦੇ ਜੰਮਪਲ ਸਨ ਅਤੇ ਇਨ੍ਹੀਂ ਦਿਨੀਂ ਮੁਹਾਲੀ ਰਹਿ ਰਹੇ ਸਨ। ਦਰਵੇਸ਼ ਦਾ ਅੱਜ ਜੱਦੀ ਪਿੰਡ ਫਰਵਾਹੀ ਵਿੱਚ ਸਸਕਾਰ ਕਰ ਦਿੱਤਾ ਗਿਆ।



## ਦਰਸ਼ਨ ਦਰਵੇਸ਼ ਨੂੰ ਸ਼ਰਧਾਂਜਲੀਆਂ

ਪੰਜਾਬੀ ਸ਼ਾਇਰ ਤੇ ਫਿਲਮਸਾਜ਼ ਦਰਸ਼ਨ ਦਰਵੇਸ਼ ਦੇ ਦੇਹਾਂਤ 'ਤੇ ਸਾਹਿਤ ਸਭਾ ਬੁਢਲਾਡਾ ਅਤੇ ਟੈਗੋਰ ਸਾਹਿਤ ਸਭਾ ਬੁਢਲਾਡਾ ਨੇ ਸ਼ੋਕ ਸਭਾਵਾਂ ਕਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸ਼ਾਇਰ ਨਿਰਮਲ ਕੁਲਾਣਾ ਨੇ ਕਿਹਾ ਕਿ ਉਹ ਤੇ ਦਰਵੇਸ਼ ਕਾਲਜ ਤੋਂ ਲੈ ਕੇ ਰੁਜ਼ਗਾਰ ਦੀ ਭਾਲ ਤਕ ਦੋਸਤ ਰਹੇ। 1982 ਵਿੱਚ ਉਨ੍ਹਾਂ ਇਕੱਠਿਆਂ ਸਾਹਿਤਕ ਮੈਗਜ਼ੀਨ 'ਸਿਰਨਾਵਾਂ' ਸ਼ੁਰੂ ਕੀਤਾ। ਡਾ. ਕਰਨੈਲ ਵੈਰਾਗੀ ਦਾ ਕਹਿਣਾ ਸੀ ਕਿ ਦਰਸ਼ਨ ਦਰਵੇਸ਼ ਦੀ ਕਵਿਤਾ ਜਿੱਥੇ ਰਿਸ਼ਤਿਆਂ ਦੀਆਂ ਗੁੰਝਲਾਂ ਨੂੰ ਫਰੋਲਦੀ ਹੈ, ਉੱਥੇ ਹੀ 'ਕੁੜੀਆਂ ਨੂੰ ਸਵਾਲ ਨਾ ਕਰੋ' ਜਿਹੇ ਮੁੱਦੇ ਵੀ ਚੁੱਕਦੀ ਹੈ। ਪੰਜਾਬੀ ਦੇ ਸ਼ਾਇਰ ਕੁਲਵਿੰਦਰ ਬੱਛੋਆਣਾ ਨੇ ਦੱਸਿਆ ਕਿ ਦਰਵੇਸ਼ ਦੀ ਕਾਵਿ ਪੁਸਤਕ 'ਉਦਾਸ ਸਿਰਲੇਖ' ਨਰੋਏ ਸਾਹਿਤ ਵੱਲ ਵਧਦਾ ਕਦਮ ਹੈ। ਇਸ ਮੌਕੇ ਲੇਖਕ ਪਿਆਰਾ ਸਿੰਘ, ਅਸ਼ਵਨੀ ਕੁਮਾਰ, ਅਵਤਾਰ ਦੋਦੜਾ, ਨਾਇਬ ਸਿੰਘ ਨੇ ਵੀ ਵਿਚਾਰ ਪੇਸ਼ ਕੀਤੇ।

## ਲੈਂਗਲੀ 'ਚ ਗੋਲੀਬਾਰੀ ਦੌਰਾਨ ਮਾਰੇ ਜਾਣ ਵਾਲੇ ਨੌਜਵਾਨ ਦੀ ਪਛਾਣ ਅਰਸ਼ਦੀਪ ਸਿੰਘ ਵਜੋ ਹੋਈ

ਵੈਨਕੂਵਰ-ਪੁਲਿਸ ਮੁਤਾਬਿਕ ਲੈਂਗਲੀ ਵਿਚ 27 ਜਨਵਰੀ ਨੂੰ ਹੋਈ ਗੋਲੀਬਾਰੀ ਦੀ ਜਾਂਚ ਦੌਰਾਨ ਮਾਰੇ ਗਏ ਨੌਜਵਾਨ ਦੀ ਪਛਾਣ ਅਰਸ਼ਦੀਪ ਸਿੰਘ ਵਜੋ ਕੀਤੀ ਗਈ ਹੈ। ਉਹ ਲਗਪਗ 22 ਸਾਲ ਦਾ ਸੀ। ਜਾਂਚ ਦੌਰਾਨ ਇਹ ਵੀ ਪ੍ਰੋੜਤਾ ਕੀਤੀ ਗਈ ਕਿ ਉਸਦੀ ਹੱਤਿਆ ਗੈਂਗਵਾਰ ਦਾ ਹੀ ਨਤੀਜਾ ਸੀ। ਪੁਲਿਸ ਨੇ ਇਸ ਨੌਜਵਾਨ ਦੀਆਂ ਕੁਝ ਤਸਵੀਰਾਂ ਵੀ ਜਾਰੀ ਕੀਤੀਆਂ ਹਨ ਤਾਂਕਿ ਜਾਂਚ ਵਿਚ ਹੋਰ ਜਾਣਕਾਰੀ ਮਿਲ ਸਕੇ। ਅਰਸ਼ਦੀਪ ਉਪਰ ਜਦੋ ਗੋਲੀ ਚੱਲੀ ਉਹ ਇਕ ਪਾਰਕਿੰਗ ਲੌਟ ਵਿਚ ਕਾਰ ਦੀ ਡਰਾਈਵਰ ਸੀਟ ਉਪਰ ਸੀ ਜਦੋਂਕਿ ਪੈਸੰਜਰ ਸੀਟ ਉਪਰ ਬੈਠਾ ਨੌਜਵਾਨ ਜ਼ਖਮੀ ਹੋ ਗਿਆ।

## ਸਰੀ ਨਿਊਟਨ ਪਾਰਕ ਵਿਚ ਅੱਲੜ ਮੁੰਡੇ ਨਾਲ ਛੇੜਖਾਨੀ ਕਰਨ ਵਾਲੇ ਸ਼ੱਕੀ ਦੀ ਭਾਲ

ਵੈਨਕੂਵਰ-ਸਰੀ ਪੁਲਿਸ ਨੂੰ ਨਿਊਟਨ ਪਾਰਕ ਵਿਚ ਇਕ ਮੁੰਡੇ ਨਾਲ ਛੇੜਖਾਨੀ ਕਰਨ ਵਾਲੇ ਇਕ ਸ਼ੱਕੀ ਵਿਅਕਤੀ ਦੀ ਭਾਲ ਹੈ। ਇਹ ਘਟਨਾ ਵੀਰਵਾਰ ਨੂੰ ਦੁਪਹਿਰ 1 ਵਜੇ ਤੋ ਬਾਦ 64 ਐਵਨਿਊ ਦੇ 13200 ਬਲਾਕ ਤੇ ਸਥਿਤ ਪਾਰਕ ਵਿਚ ਵਾਪਰੀ ਦੱਸੀ ਜਾਂਦੀ ਹੈ। ਪਾਰਕ ਵਿਚ ਦੋ ਅੱਲੜ ਉਮਰ ਦੇ ਲੜਕੇ ਜਾ ਰਹੇ ਸਨ ਕਿ ਪਿਛੋ ਆ ਰਹੇ ਇਕ ਵਿਅਕਤੀ ਨੇ ਇਕ ਲੜਕੇ ਦੇ ਪਿੱਛੇ ਹੱਥ ਫੇਰਨ ਦੀ ਕੋਸ਼ਿਸ਼ ਕੀਤੀ। ਇਸ ਲੜਕੇ ਨੇ ਪੁਲਿਸ ਕੋਲ ਸ਼ਿਕਾਇਤ ਕੀਤੀ ਹੈ। ਛੇੜਖਾਨੀ ਕਰਨ ਵਾਲਾ ਸਾਉਥ ਇੰਡੀਅਨ ਪਜਾਮੇ ਕੁੜਤੇ ਵਾਲਾ ਵਿਅਕਤੀ ਦੱਸਿਆ ਗਿਆ ਹੈ।

## ਗੈਰ ਲਾਇਸੰਸਸ਼ੁਦਾ ਬੋਟੋਕਸ ਪ੍ਰੈਕਟੀਸ਼ਨਰ ਨੂੰ 6 ਮਹੀਨੇ ਦੀ ਜੇਲ ਹੋਈ

ਵੈਨਕੂਵਰ-ਇਕ ਸਥਾਨਕ ਗੈਰ ਲਾਇਸੰਸਸ਼ੁਦਾ ਬੋਟੋਕਸ ਪ੍ਰੈਕਟੀਸ਼ਨਰ 35 ਸਾਲਾ ਮਾਰੀਆ ਇਜਤੀ ਨੂੰ ਗੈਰ ਕਨੂੰਨੀ ਪ੍ਰੈਕਟਿਸ ਕਰਨ ਲਈ ਅਦਾਲਤ ਨੇ 6 ਮਹੀਨੇ ਦੀ ਕੈਦ ਦੀ ਸਜਾ ਸੁਣਾਈ ਹੈ। ਜਿਕਰਯੋਗ ਹੈ ਕਿ ਮਾਰੀਆ ਖਿਲਾਫ ਸ਼ਿਕਾਇਤ ਮਿਲਣ ਉਪਰੰਤ ਬੀ ਸੀ ਕਾਲਜ ਆਫ ਫਿਜੀਸ਼ਨ ਐਂਡ ਸਰਜਨ ਵਲੋ ਜਾਂਚ ਆਰੰਭੀ ਗਈ ਸੀ। ਇਸ ਜਾਂਚ ਦੌਰਾਨ ਮਾਰੀਆ ਨੂੰ ਦੋਸ਼ੀ ਪਾਇਆ ਗਿਆ। ਜਿਕਰਯੋਗ ਹੈ ਕਿ ਬੋਟੋਕਸ ਟਰੀਟਮੈਂਟ ਔਰਤਾਂ ਦੀ ਝੁਰੜੀਆਂ ਨੂੰ ਠੀਕ ਕਰਨ ਅਤੇ ਹੋਠਾਂ ਨੂੰ ਖੂਬਸੂਰਤ ਬਣਾਉਣ ਦਾ ਇਲਾਜ ਕੀਤਾ ਜਾਂਦਾ ਹੈ। ਬੋਟੋਕਸ ਨਾਲ ਔਰਤਾਂ ਦੇ ਹੋਠ ਸੈਕਸੀ ਬਣਾਏ ਜਾਂਦੇ ਹਨ।

## ਗੈਂਗਵਾਰ-ਲੈਂਗਲੀ ਅਤੇ ਰਿਚਮੰਡ 'ਚ ਗੋਲੀਬਾਰੀ

ਲੈਂਗਲੀ-ਐਤਵਾਰ ਦੀ ਰਾਤ ਲੈਂਗਲੀ ਵਿਚ ਦੋ ਵਿਅਕਤੀਆਂ ਨੂੰ ਨਿਸ਼ਾਨਾ ਬਣਾਕੇ ਚਲਾਈ ਗੋਲੀ ਉਪਰੰਤ ਅੱਜ ਤੜਕਸਾਰ ਰਿਚਮੰਡ ਦੇ 2300 ਬਲਾਕ ਵਿਚ ਗੋਲੀਬਾਰੀ ਹੋਈ ਹੈ। ਪੁਲਿਸ ਸੂਤਰਾਂ ਮੁਤਾਬਿਕ ਲੈਂਗਲੀ ਦੇ 196 ਏ ਐਵਨਿਊ ਤੇ 7000 ਬਲਾਕ ਵਿਖੇ ਪੁਲਿਸ ਨੂੰ ਐਤਵਾਰ ਦੀ ਰਾਤ ਗੋਲੀ ਚਲਣ ਦੀ ਸੂਚਨਾ ਮਿਲੀ। ਇਹ ਗੋਲੀਬਾਰੀ ਇਕ ਪਾਰਕਿੰਗ ਕਾਰ ਵਿਚ ਬੈਠੇ 25 -26 ਸਾਲ ਦੇ ਦੋ ਨੌਜਵਾਨਾਂ ਉਪਰ ਹੋਈ। ਗੋਲੀਬਾਰੀ ਕਰਨ ਵਾਲੇ ਸਫੇਦ ਐਸ ਯੂ ਵੀ ਵਿਚ ਸਵਾਰ ਸਨ ਤੇ ਗੋਲੀਬਾਰੀ ਕਰਕੇ ਭੱਜ ਗਏ। ਪੁਲਿਸ ਨੂੰ ਇਹ ਸਫੇਦ ਐਸ ਯੂ ਵੀ 182 ਸਟਰੀਟ ਦੇ 7300 ਬਲਾਕ ਉਪਰ ਸੜੀ ਹੋਈ ਮਿਲੀ। ਇਸ ਗੋਲੀਬਾਰੀ ਦੌਰਾਨ ਕਈ ਜਖਮੀ ਨਹੀ ਹੋਇਆ।


BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

MORTGAGES + PRIVATE LOANS
BUY, SELL & MORTGAGE WITH US & RECEIVE UP TO $20,000* CASH BACK OR DISCOUNT
SPECIAL OFFER FOR FIRST TIME BUYERS
PLEASE CALL US FOR CASH BACK & SPECIAL RATES PACKAGE AND SAVE $$$
CENTUM

BHAJAN ATWAL
604-773-8426
*SOME CONDITIONS APPLY. FULLY SUPPORTED : CENTUM FINANCIAL & CITY2CITY REAL ESTATE SERVICES

OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
MEMBER BBB BC Mainland
ENERGY STAR
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty

"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

BLACK & WHITE AUTO BODY PAINT
ICBC c.a.r. shop VALET
Accredited Collision Repairs & Valet Service

ਹਰ ਵੱਡੀ ਤੇ ਛੋਟੀ ਜੌਬ ਕਰਦੇ ਹਾਂ!
ਪੁਸ਼ਪਿੰਦਰ 604.720.3511
ਪ੍ਰਿੰਸ 604.366-6474
• ਆਟੋ ਗਲਾਸ ਵੀ ਬਦਲਦੇ ਹਾਂ
• ਕੰਪਲੀਟ ਬਾਡੀ ਰਿਪੇਅਰ ਅਤੇ ਪੇਂਟ
• ICBC ਅਤੇ ਪ੍ਰਾਈਵੇਟ ਕਲੇਮ

#16B-7823-132nd St., Surrey
Off: 604.503.0988
Fax: 604.503.0989 • Email: blackandwhiteauto@ymail.com

# ਨਗਰ ਕੌਂਸਲ ਚੋਣਾਂ ਲਈ ਨਾਮਜ਼ਦਗੀ ਭਰਨ ਵੇਲੇ ਸੁਖਬੀਰ ਸਿੰਘ ਬਾਦਲ ਦੀ ਗੱਡੀ ਦੇ ਸ਼ੀਸ਼ੇ ਭੰਨ੍ਹੇ

ਜਲਾਲਾਬਾਦ-ਜਲਾਲਾਬਾਦ ਦੀਆਂ ਨਗਰ ਕੌਂਸਲ ਚੋਣਾਂ ਨੂੰ ਲੈ ਕੇ ਤਹਿਸੀਲ ਕੰਪਲੈਕਸ ਚ ਨਾਮਜ਼ਦਗੀ ਦਾਖਲ ਕਰਨ ਵੇਲੇ ਅਕਾਲੀਆਂ ਤੇ ਕਾਂਗਰਸੀਆਂ ਦੀ ਆਪਸ ਵਿਚ ਤਿੱਖੀ ਝੜਪ ਹੋਈ। ਹਾਲਾਤ ਉਸ ਵੇਲੇ ਵਿਗੜ ਗਏ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਆਪਣੇ ਵਰਕਰਾਂ ਸਹਿਤ ਪੁੱਜੇ ਤੇ ਦੋਵਾਂ ਧਿਰਾਂ ਦਰਮਿਆਨ ਖਿੱਚਧੂਹ ਹੋਈ। ਇਸ ਮੌਕੇ ਬਾਦਲ ਦੀ ਗੱਡੀ ਘੇਰੀ ਗਈ ਜਿਸ ਤੋਂ ਬਾਅਦ ਦੋਵੇਂ ਧਿਰਾਂ ਵਲੋਂ ਇਕ ਦੂਜੇ ਤੇ ਇੱਟਾਂ, ਪੱਥਰਾਂ ਤੇ ਡਾਂਗਾਂ ਨਾਲ ਹਮਲਾ ਕੀਤਾ ਗਿਆ ਤੇ ਗੋਲੀਆਂ ਵੀ ਚੱਲੀਆਂ। ਦੂਜੇ ਪਾਸੇ ਕਾਂਗਰਸੀਆਂ ਨੇ ਦੋਸ਼ ਲਾਇਆ ਕਿ ਸੁਖਬੀਰ ਗੈਂਗਸਟਰਾਂ ਤੇ ਹੋਰ ਵਰਕਰਾਂ ਨਾਲ ਆਏ ਤੇ ਆਉਂਦੇ ਹੀ ਧੱਕਾਮੁੱਕੀ ਕਰਨੀ ਸ਼ੁਰੂ ਕਰ ਦਿੱਤੀ। ਇਸ ਘਟਨਾ ਚ ਦੋ ਜਣਿਆਂ ਨੂੰ ਗੋਲੀਆਂ ਲੱਗੀਆਂ ਤੇ ਕੁੱਲ ਛੇ ਜਣੇ ਜ਼ਖ਼ਮੀ ਹੋ ਗਏ। ਇਸ ਮੌਕੇ ਜ਼ਿਲ੍ਹਾ ਪੁਲੀਸ ਮੁਖੀ ਹਰਜੀਤ ਸਿੰਘ ਪੁਲੀਸ ਬਲ ਨਾਲ ਪੁੱਜੇ ਤੇ ਭੀੜ ਨੂੰ ਖਿੰਡਾ ਦਿੱਤਾ। ਇਸ ਤੋਂ ਬਾਅਦ ਅਕਾਲੀ ਦਲ ਵਲੋਂ ਆਪਣੇ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਦਾਖਲ ਕਰਵਾਏ ਗਏ। ਪੱਤਰ ਦਾਖਲ ਕਰਨ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਆਪਣੇ ਵਰਕਰਾਂ ਨਾਲ ਸ਼ਹੀਦ ਊਧਮ ਸਿੰਘ ਚੌਕ ਪਹੁੰਚੇ ਜਿੱਥੇ ਉਨ੍ਹਾਂ ਨਾਲ ਜਨਮੇਜਾ ਸਿੰਘ ਸੇਖੋਂ, ਰੋਜ਼ੀ ਬਰਕੰਦੀ, ਵਰਦੇਵ ਸਿੰਘ ਮਾਨ, ਬੌਬੀ ਮਾਨ, ਪ੍ਰਕਾਸ਼ ਸਿੰਘ ਭੱਟੀ, ਸਤਿੰਦਰਜੀਤ ਸਿੰਘ ਮੰਟਾ ਤੇ ਵੱਡੀ ਗਿਣਤੀ ਵਰਕਰ ਪਹੁੰਚੇ ਜਿੱਥੇ ਉਨ੍ਹਾਂ ਪੁਲੀਸ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਤੇ ਸਵਾਲ ਖੜ੍ਹੇ ਕੀਤੇ। ਅਕਾਲੀਆਂ ਨੇ ਕਿਹਾ ਕਿ ਉਨ੍ਹਾਂ ਦੇ ਵਰਕਰਾਂ ਤੇ ਜਾਨਲੇਵਾ ਹਮਲਾ ਕਰਨ ਵਾਲਿਆਂ ਤੇ ਇਰਾਦਾ ਕਤਲ ਦਾ ਕੇਸ ਦਰਜ ਕੀਤਾ ਜਾਵੇ। ਉਧਰ ਰਮਿੰਦਰ ਆਵਲਾ ਨੇ ਕਿਹਾ ਕਿ ਉਹ ਅੱਜ ਆਪਣੇ ਵਰਕਰਾਂ ਨਾਲ ਤਹਿਸੀਲ ਕੰਪਲੈਕਸ ਚ ਫਾਰਮ ਭਰਵਾਉਣ ਪਹੁੰਚੇ ਸਨ ਅਤੇ ਦੂਜੇ ਪਾਸੇ ਸੁਖਬੀਰ








ਸਿੰਘ ਬਾਦਲ ਗੈਂਗਸਟਰਾਂ ਤੇ ਪੰਜ ਜ਼ਿਲ੍ਹਿਆਂ ਦੇ ਵਰਕਰਾਂ ਨਾਲ ਪੁੱਜੇ ਤੇ ਉਨ੍ਹਾਂ ਆਉਂਦਿਆਂ ਮਾਹੌਲ ਖਰਾਬ ਕਰਨਾ ਸ਼ੁਰੂ ਕਰ ਦਿੱਤਾ ਅਤੇ ਫਾਇਰਿੰਗ ਵੀ ਕੀਤੀ।

### 'ਆਪ' ਤੇ ਅਕਾਲੀ ਵਰਕਰਾਂ ਦੀ ਕੁੱਟਮਾਰ

ਭਿੱਖੀਵਿੰਡ-ਜ਼ਿਲ੍ਹਾ ਤਰਨ ਤਾਰਨ ਵਿਚ ਨਗਰ ਪੰਚਾਇਤ ਚੋਣਾਂ ਲਈ ਨਾਮਜ਼ਦਗੀਆਂ ਭਰਨ ਮੌਕੇ ਕਥਿਤ ਕਾਂਗਰਸ ਦੇ ਬੰਦਿਆਂ ਨੇ ਪੁਲੀਸ ਦੀ ਹਾਜ਼ਰੀ ਵਿਚ 'ਆਪ ਦੇ ਉਮੀਦਵਾਰ ਕੋਲੋਂ ਪੇਪਰ ਖੋਹ ਕੇ ਪਾੜ ਦਿੱਤੇ ਤੇ ਉਸ ਦੀ ਪੱਗ ਲਾਹ ਕੇ ਕੁੱਟਮਾਰ ਵੀ ਕੀਤੀ। ਇਸ ਦੇ ਚਲਦਿਆਂ ਉੱਥੇ ਹੋਰ ਪੁਲੀਸ ਮੁਲਾਜ਼ਮ ਪੁੱਜ ਗਏ। ਇਸ ਤੋਂ ਬਾਅਦ ਜਦੋਂ ਅਕਾਲੀ ਦਲ ਦੇ ਉਮੀਦਵਾਰ ਪੇਪਰ ਦਾਖ਼ਲ ਕਰਵਾਉਣ ਲਈ ਅੱਗੇ ਵਧੇ ਤਾਂ ਉਨ੍ਹਾਂ ਤੇ ਪੱਥਰਬਾਜ਼ੀ ਕੀਤੀ ਗਈ। ਪੁਲੀਸ ਦੀ ਹਾਜ਼ਰੀ ਵਿਚ ਗੋਲੀਆਂ, ਕਿਰਪਾਨਾਂ, ਡਾਂਗਾਂ ਤੇ ਬੇਸਬਾਲ ਚੱਲੇ। ਗੱਡੀਆਂ ਦੀ ਭੰਨਤੋੜ ਕੀਤੀ ਗਈ। ਇਹ ਗੁੰਡਾਗਰਦੀ ਕਰੀਬ ਅੱਧਾ ਚਲਦੀ ਰਹੀ। ਪੁਲੀਸ ਇਨ੍ਹਾਂ ਨੂੰ ਰੋਕਣ ਦੀ ਬਜਾਇ ਗੱਡੀਆਂ ਭਜਾ ਕੇ ਲੈ ਗਈ। 'ਆਪ ਉਮੀਦਵਾਰ ਦੀ ਕੁੱਟਮਾਰ ਤੋਂ ਬਾਅਦ ਜਦੋਂ ਡੀਐੱਸਪੀ ਭਿੱਖੀਵਿੰਡ ਰਾਜਬੀਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਪੇਪਰ ਪਾੜਨ ਜਾਂ ਕੁੱਟਮਾਰ ਦੀ ਕਿਸੇ ਵੀ ਘਟਨਾ ਤੋਂ ਸਾਫ਼ ਇਨਕਾਰ ਕਰਦੇ ਹੋਏ ਸੁਰੱਖਿਆ ਦੇ ਪੁਖਤਾ ਪ੍ਰਬੰਧ ਹੋਣ ਦੀ ਗੱਲ ਕੀਤੀ। ਉਨ੍ਹਾਂ ਸ਼ਿਕਾਇਤ ਮਿਲਣ 'ਤੇ ਦੋਸ਼ੀਆ ਖ਼ਿਲਾਫ਼ ਕਾਰਵਾਈ ਕਰਨ ਦੀ ਗੱਲ ਆਖੀ। ਇਸ ਬਾਰੇ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਕਾਂਗਰਸ ਲੋਕਤੰਤਰ ਦਾ ਘਾਣ ਕਰਨ ਤੇ ਉਤਰ ਆਈ ਹੈ। ਉਨ੍ਹਾਂ ਕਿਹਾ ਕਿ ਇੱਕ ਅਕਾਲੀ ਵਰਕਰ ਨੂੰ ਗੋਲੀ ਲੱਗੀ ਹੈ ਤੇ ਕਈ ਹੋਰ ਜ਼ਖਮੀ ਹੋਏ ਹਨ। ਉਨ੍ਹਾਂ ਕਿਹਾ ਕਿ ਉਹ ਇਨਸਾਫ਼ ਲੈਣ ਲਈ ਭਿੱਖੀਵਿੰਡ ਵਿਚ ਧਰਨਾ ਦੇਣਗੇ।

## ਫੈਸ਼ਨ ਕਿੰਗ ਪੀਟਰ ਨਈਗਾਰਡ 5 ਫਰਵਰੀ ਤੱਕ ਰਹੇਗਾ ਜੇਲ੍ਹ 'ਚ

ਵਿਨੀਪੈਗ-ਕੈਨੇਡੀਅਨ ਫੈਸ਼ਨ ਕਿੰਗ ਪੀਟਰ ਨਈਗਾਰਡ ਜਿਹੜਾ ਅਮਰੀਕਾ ਵਿਚ ਸੈਕਸ ਤਸਕਰੀ ਅਤੇ ਗੈਰਕਾਨੂੰਨੀ ਚਕਲੇ ਚਲਾਉਣ ਦੇ ਦੋਸ਼ ਦਾ ਸਾਹਮਣਾ ਕਰ ਰਿਹਾ ਹੈ ਦੇ ਵਕੀਲਾਂ ਵਲੋਂ ਜ਼ਮਾਨਤ ਲਈ ਤਾਜ਼ਾ ਪੇਸ਼ ਕੀਤੀ ਯੋਜਨਾ ਦੇ ਬਾਵਜੂਦ ਇਕ ਹੋਰ ਹਫ਼ਤਾ ਜੇਲ੍ਹ ਵਿਚ ਰਹੇਗਾ। 79 ਸਾਲਾ ਨਈਗਾਰਡ ਨੂੰ ਪਿਛਲੇ ਮਹੀਨੇ ਹਵਾਲਗੀ ਐਕਟ ਤਹਿਤ ਵਿਨੀਪੈਗ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਹ ਨਿਊਯਾਰਕ ਦੇ ਸਾਊਥਰਨ ਡਿਸਟ੍ਰਿਕਟ ਵਿਚ 9 ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਕੋਰਟ ਆਫ ਕੁਈਨ ਦੀ ਬੈਂਚ ਜਸਟਿਸ ਸ਼ਾਵਨ ਗਰੀਨ ਬਰਗ ਨੇ ਕਿਹਾ ਕਿ ਉਸ ਨੂੰ ਇਹ ਫ਼ੈਸਲਾ ਲੈਣ ਲਈ ਸਮੇਂ ਦੀ ਲੋੜ ਹੈ ਕਿ ਕੀ ਨਈਗਾਰਡ ਨੂੰ ਰਿਲੀਜ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ ਅਤੇ ਉਨ੍ਹਾਂ ਆਪਣਾ ਫ਼ੈਸਲਾ 5 ਫਰਵਰੀ ਤਕ ਰਾਖਵਾਂ ਰੱਖ ਲਿਆ ਹੈ। ਉਸ ਦੇ ਵਕੀਲਾਂ ਨੇ ਅਦਾਲਤ ਨੂੰ ਦੱਸਿਆ ਕਿ ਜੇਕਰ ਉਸ ਨੂੰ ਜ਼ਮਾਨਤ ਮਿਲ ਜਾਂਦੀ ਹੈ ਤਾਂ ਨਈਗਾਰਡ ਦੇ ਘਰ 24 ਘੰਟੇ ਵੀਡੀਓ ਨਾਲ ਨਜ਼ਰ ਰੱਖਣ ਲਈ ਇਕ ਸੁਰੱਖਿਆ ਕੰਪਨੀ ਹਾਇਰ ਕਰ ਲਈ ਹੈ। ਘਰ ਵਿਚ ਇਕ ਸੁਰੱਖਿਆ ਗਾਰਡ ਵੀ ਹੋਵੇਗਾ। ਬਿਲ ਸਕਿਉਰਟੀ ਦੇ ਪ੍ਰਧਾਨ ਵਿਲੀਅਮ ਡੀਏਟਰਲ ਨੇ ਅਦਾਲਤ ਨੂੰ ਦੱਸਿਆ ਕਿ ਮਿਲਟਰੀ ਗਰੇਡ ਕੈਮਰੇ ਲਾਉਣ ਲਈ 20000 ਡਾਲਰ ਦੀ ਲਾਗਤ ਆਵੇਗੀ ਅਤੇ ਨਿਗਰਾਨੀ ਲਈ 3000 ਡਾਲਰ ਪ੍ਰਤੀ ਮਹੀਨੇ ਲਏ ਜਾਣਗੇ। ਫੈਡਰਲ ਵਕੀਲਾਂ ਨੇ ਸਵਾਲ ਕੀਤਾ ਕਿ ਜੇਕਰ ਨਈਗਾਰਡ ਦੀ ਵਿੱਤੀ ਹਾਲਤ ਇੰਨੀ ਮਾੜੀ ਹੈ ਜਿੰਨੀ ਉਹ ਕਹਿੰਦਾ ਹੈ ਤਾਂ ਸਕਿਉਰਟੀ ਦਾ ਖਰਚਾ ਕਿਥੋਂ ਦੇਵੇਗਾ।



## ਏਅਰ ਕੈਨੇਡਾ ਰੋਸ਼ 8 ਤੋਂ ਕਰੇਗੀ ਸਾਰੀਆਂ ਉਡਾਨਾਂ ਮੁਲਤਵੀ-80 ਕਰਮਚਾਰੀਆਂ ਦੀ ਹੋਵੇਗੀ ਛਾਂਗੀ

ਓਟਵਾ-ਏਅਰ ਕੈਨੇਡਾ ਵੱਲੋਂ 8 ਫਰਵਰੀ ਤੋਂ ਆਪਣੀਆਂ ਸਾਰੀਆਂ ਰੋਸ਼ ਫਲਾਈਟਸ ਮੁਲਤਵੀ ਕੀਤੀਆਂ ਜਾ ਰਹੀਆਂ ਹਨ। ਏਅਰਲਾਈਨ ਵੱਲੋਂ ਇਹ ਫੈਸਲਾ ਟਰੈਵਲ ਸਬੰਧੀ ਨਵੀਆਂ ਪਾਬੰਦੀਆਂ ਕਾਰਨ ਲਿਆ ਗਿਆ ਹੈ। ਰੋਸ਼ ਕਾਰੋਬਾਰ ਤਹਿਤ ਵੱਡੀ ਪੱਧਰ ਉੱਤੇ ਉਡਾਨਾਂ ਕੈਰੇਬੀਆ ਤੇ ਮੈਕਸਿਕੋ ਲਈ ਸਨ ਤੇ ਏਅਰਲਾਈਨਜ਼ ਦੇ ਜਹਾਜ਼ ਉਨ੍ਹਾਂ ਥਾਂਵਾਂ ਉੱਤੇ ਵੀ ਜਾਂਦੇ ਸਨ ਜਿੱਥੇ ਕੋਈ ਪਾਬੰਦੀਆਂ ਨਹੀਂ ਸਨ ਜਿਵੇਂ ਕਿ ਫਲੋਰਿਡਾ ਤੇ ਲਾਸ ਵੇਗਸ। ਪਰ ਇਹ ਉਡਾਨਾਂ ਵੀ ਮੁਲਤਵੀ ਕਰ ਦਿੱਤੀਆਂ ਗਈਆਂ ਹਨ। ਏਅਰ ਕੈਨੇਡਾ ਨੇ ਦੱਸਿਆ ਕਿ ਇਸ ਫੈਸਲੇ ਦੇ ਨਾਲ ਅੰਦਾਜ਼ਨ 80 ਕਰਮਚਾਰੀਆਂ ਦੀ ਛੁੱਟੀ ਵੀ ਏਅਰਲਾਈਨ ਨੂੰ ਕਰਨੀ ਪੈ ਰਹੀ ਹੈ। ਅਜਿਹਾ ਦੂਜੀ ਵਾਰੀ ਹੋਇਆ ਹੈ ਕਿ ਰੋਸ਼ ਨੇ ਸਾਰੀਆਂ ਉਡਾਨਾਂ ਮੁਲਤਵੀ ਕੀਤੀਆਂ ਹੋਣ ਏਅਰ ਕੈਨੇਡਾ ਦੀ ਇਸ ਸਸਤੀ ਸਬਸਿਡਰੀ ਨੇ ਪਿਛਲੇ ਸਾਲ ਵੀ ਆਪਣੀਆਂ ਉਡਾਨਾਂ ਮੁਲਤਵੀ ਕੀਤੀਆਂ ਸਨ। ਪਰ ਸਰਦ ਰੁੱਤ ਦੇ ਟਰੈਵਲ ਸੀਜ਼ਨ ਦੇ ਮੱਦੇਨਜ਼ਰ ਨਵੰਬਰ ਵਿੱਚ ਮੁੜ ਉਡਾਨਾਂ ਸ਼ੁਰੂ ਵੀ ਕਰ ਦਿੱਤੀਆਂ ਗਈਆਂ ਸਨ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ
S & S Jewellers Ltd.
Authorized Dealer
20% OFF SEIKO, PULSAR ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off
Surjit S. Kanda * Avtar S. Kanda
604.582.5849
9269 - 120 St. Delta BC V4C 6R8

Homeowner • Fleet • Business • Auto • Travel • Boats • Life • Critical • Cargo • Commercial
7 Days a Week! 9 am to 9pm

HOUSE INSURANCE

| House | Contents | Liability | Premium |
|---|---|---|---|
| $450,000 | $315,000 | 1 Million | $302 /YEAR |
| $550,000 | $385,000 | 1 Million | $346 /YEAR |
| $650,000 | $455,000 | 1 Million | $407 /YEAR |
| $750,000 | $525,000 | 1 Million | $467 /YEAR |

Discounts may vary due to individual circumstances and policy requirements.
Rates subject to change without notice.
Above Rates Includes: * Senior Discount * Claims Free Discount
* New Home Discount * Mortgage Free Discount * Home Production Discount * Deductible Applicable * Monthly Payment Plan
ਸਾਡੇ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 9 ਵਜੇ ਤੱਕ ਖੁੱਲ੍ਹਦੇ ਹਨ।
Truck Insurance & Pro-Rate
ਅਸੀਂ ਟਰੱਕਾਂ ਅਤੇ ਟਰੇਲਰਾਂ ਲਈ ਫਾਇਨੈਂਸਿੰਗ ਵੀ ਕਰਦੇ ਹਾਂ
ICBC ਅਸੀਂ ਹਰ ਤਰ੍ਹਾਂ ਦੀ ਇੰਸ਼ੋਰੈਂਸ ਵਾਜਿਬ ਕੀਮਤ 'ਤੇ ਕਰਦੇ ਹਾਂ।
JASWINDER S. PARMAR
604-351-6539
AMC INSURANCE SERVICES LTD.


| SURREY (HEAD OFFICE) | CLOVERDALE | LANGLEY | COQUITLAM | COQUITLAM | VANCOUVER | ABBOTSFORD | NORTH VANCOUVER |
|---|---|---|---|---|---|---|---|
| Ph: 604.507.6666 | Ph: 604.576.6648 | Ph: 604.882.6000 | Ph: 604.939.2425 | Ph: 604-942-3555 | Ph: 604-876-0126 | Ph: 604.744.0360 | Ph: 604-985-3185 |
| #120, 12888 - 80th Ave. | 134 -17455, Hwy 10 | 160-20728 Willoughby Town Center Dr | #404, 552 Clarke Rd | 405-1192 Lansdowne Dr | 4075 Combie Street | 31696 South Fraserway | 140 East 14th Street, North Vancouver |

Call us to Save minimum 10% or more on your Insurance
80th Ave. 128th St 130th St. AMC Insurance AirCare
ਅਸੀਂ ਸੁਪਰਵੀਜ਼ਾ ਲਈ ਮੈਡੀਕਲ ਇੰਸ਼ੋਰੈਂਸ ਵੀ ਕਰਦੇ ਹਾਂ।
ਜੇਕਰ ਵੀਜ਼ਾ ਨਾ ਮਿਲੇ ਤਾਂ ਪੈਸੇ ਵਾਪਸ ਕੀਤੇ ਜਾਂਦੇ ਹਨ।
www.amcinsurance.ca • jparmar@amcinsurance.ca

# ਸਾਊਦੀ ਅਰਬ ਨੇ ਪਾਕਿਸਤਾਨ ਸਮੇਤ 20 ਦੇਸ਼ਾਂ ਦੀਆਂ ਉਡਾਣਾਂ ਤੇ ਲਾਈ ਰੋਕ, ਜਾਣੋ-ਕਿਹੜੇ ਦੇਸ਼ ਹਨ ਇਸ 'ਚ ਸ਼ਾਮਿਲ

ਰਿਆਦ-ਸਾਊਦੀ ਅਰਬ ਨੇ ਕੋਰੋਨਾ ਲਾਗ ਦੇ ਵੱਧਦੇ ਮਾਮਲਿਆਂ ਦੀ ਵਜ੍ਹਾ ਕਰਕੇ ਪਕਿਸਤਾਨ ਸਮੇਤ 20 ਦੇਸ਼ਾਂ ਦੀ ਹਵਾਈ ਆਵਾਜਾਈ ਨੂੰ ਮੁਅੱਤਲ ਕਰ ਦਿੱਤਾ ਹੈ। ਹੁਣ ਸਿਰਫ਼ ਉਹੀ ਲੋਕ ਸਾਊਦੀ ਅਰਬ ਚ ਦਾਖ਼ਲ ਹੋ ਸਕਦੇ ਹਨ, ਜੋ ਉਥੋਂ ਦੇ ਨਾਗਰਿਕ ਹਨ, ਡਿਪਲੋਮੇਟ ਹਨ, ਡਾਕਟਰ ਹਨ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਹਨ। ਇਹ ਆਦੇਸ਼ ਅੱਜ ਤੋਂ ਲਾਗੂ ਕਰ ਦਿੱਤੇ ਗਏ ਹਨ। ਜਿਨ੍ਹਾਂ ਦੇਸ਼ਾਂ ਤੋਂ ਆਉਣ ਵਾਲੀਆਂ ਉਡਾਣਾਂ ਤੇ ਸਾਊਦੀ ਅਰਬ ਨੇ ਰੋਕ ਲਾਈ ਹੈ, ਉਨ੍ਹਾਂ ਚ ਯੂਏਆਈ, ਜਰਮਨੀ, ਅਮਰੀਕਾ, ਬ੍ਰਿਟੇਨ, ਦੱਖਣੀ ਅਫ਼ਰੀਕਾ, ਫਰਾਂਸ, ਮਿਸਰ, ਲਿਬਲਾਨ, ਅਰਜਨਟੀਨਾ, ਇੰਡੋਨੇਸ਼ੀਆ, ਆਇਰਲੈਂਡ, ਇਟਲੀ, ਬ੍ਰਾਜ਼ੀਲ, ਪੁਰਤਗਾਲ, ਤੁਰਕੀ, ਸਵੀਡਨ, ਸਵਿਟਜ਼ਰਲੈਂਡ, ਜਾਪਾਨ ਤੇ ਭਾਰਤ ਹਨ। ਸਾਊਦੀ ਅਰਬ ਦੀ ਸਟੇਟ ਨਿਊਜ਼ ਏਜੰਸੀ ਅਨੁਸਾਰ ਸਾਊਦੀ ਅਰਬ ਨੇ 21 ਦਸੰਬਰ, 2020 ਨੂੰ ਵਿਦੇਸ਼ ਆਉਣ ਤੇ ਜਾਣ ਵਾਲੀਆਂ ਹਵਾਈ ਸੇਵਾਵਾਂ ਨੂੰ ਰੋਕ ਦਿੱਤਾ ਸੀ। 28 ਦਸਬੰਰ ਨੂੰ ਇਸ ਨੂੰ ਫਿਰ ਵਧਾ ਦਿੱਤਾ ਗਿਆ ਸੀ। 28 ਦਸੰਬਰ ਨੂੰ ਇਸ ਨੂੰ ਫਿਰ ਵਧਾ ਦਿੱਤਾ ਗਿਆ ਸੀ। ਇਹ ਸਭ ਕੁਝ ਕੋਰੋਨਾ ਵਾਇਰਸ ਦੇ ਨਵੇਂ ਸਟ੍ਰੇਨ ਦੇ ਕਈ ਦੇਸ਼ਾਂ ਚ ਹੋਣ ਤੋਂ ਬਾਅਦ ਕੀਤਾ ਗਿਆ ਸੀ। ਇਸ ਤੋਂ ਬਾਅਦ 4 ਜਨਵਰੀ ਨੂੰ ਆਪਣੀ ਸਰਹੱਦ ਖੋਲ੍ਹੀ ਸੀ। ਜ਼ਿਕਰਯੋਗ ਹੈ ਕਿ ਸਾਊਦੀ ਅਰਬ ਨੇ ਜਿਨ੍ਹਾਂ ਦੇਸ਼ਾਂ ਦੇ ਯਾਤਰੀਆਂ ਤੇ ਆਪਣੇ ਇੱਥੇ ਆਉਣ ਤੇ ਅਸਥਾਈ ਤੌਰ ਤੇ ਰੋਕ ਲਗਾਈ, ਉਨ੍ਹਾਂ ਚ ਜ਼ਿਆਦਾਤਰ ਉਹ ਦੇਸ਼ ਸ਼ਾਮਿਲ ਹਨ, ਜਿੱਥੇ ਕੋਰੋਨਾ ਵਾਇਰਸ ਦੇ ਨਵੇਂ ਸਟ੍ਰੇਨ ਦੇ ਮਾਮਲੇ ਸਾਹਮਣੇ ਆਏ ਹਨ। ਗੌਰਤਲਬ ਹੈ ਕਿ ਸਾਊਦੀ ਅਰਬ ਚ ਹੁਣ ਤਕ ਕੋਰੋਨਾ ਵਾਇਰਸ ਦੇ 368,639 ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਚੋਂ 6,383 ਮਰੀਜ਼ਾਂ ਦੀ ਮੌਤ ਹੋ ਚੁੱਕੀ ਹੈ, ਜਦੋਂਕਿ 360,110 ਮਰੀਜ਼ ਠੀਕ ਵੀ ਹੋਏ ਹਨ। ਉਥੇ ਹੀ ਪਾਕਿਸਤਾਨ ਦੀ ਗੱਲ ਕਰੀਏ ਤਾਂ ਉਥੇ ਹੁਣ ਤਕ ਕੋਰੋਨਾ ਲਾਗ ਦੇ ਮਰੀਜ਼ਾਂ ਦੀ ਗਿਣਤੀ 547,648 ਪਹੁੰਚ ਗਈ ਹੈ ਤੇ 11,746 ਮਰੀਜ਼ਾਂ ਦੀ ਮੌਤ ਹੋ ਚੁੱਕੀ ਹੈ, ਜਦੋਂਕਿ 495,863 ਠੀਕ ਵੀ ਹੋਏ ਹਨ। ਪਾਕਿਸਤਾਨ ਚ ਕੋਰੋਨਾ ਵਾਇਰਸ ਤੋਂ ਮੁਕਤੀ ਲਈ ਸਰਕਾਰ ਨੇ ਟੀਕਾਕਰਨ ਅਭਿਆਨ ਸ਼ੁਰੂ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਮੌਜੂਦਗੀ ਚ ਇਸ ਦੀ ਸ਼ੁਰੂਆਤ 2 ਫਰਵਰੀ ਨੂੰ ਹੋਈ ਤੇ ਇਸ ਦਾ ਪਹਿਲਾ ਟੀਕਾ ਇਸਲਾਮਾਬਾਦ ਦੇ ਹਸਪਤਾਲ ਦੇ ਮੁਖੀ ਨੂੰ ਲਾਇਆ ਗਿਆ। ਪਾਕਿਸਤਾਨ ਨੇ ਚੀਨ ਤੋਂ ਸਿਨੋਫਾਰਮ ਦੀ ਕੋਰੋਨਾ ਵੈਕਸੀਨ ਮਿਲਣ ਤੋਂ ਬਾਅਦ ਇਸ ਦੀ ਸ਼ੁਰੂਆਤ ਕੀਤੀ ਹੈ।



EVERSHINE DENTISTRY
EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515



BUSY BOYS ELECTRICAL LTD.

- Multi-Fmaily Homes
- Town Homes
- Apartment Buildings
- High Rise Buildings
- Commercial Buildings
- Fire Alarm
- High Voltage Vault Service & Annual Operating Permits
- Single Family Homes & Home Automation



C: 604.837.3101
O: 778.590.5906
#111-8132 130th St., Surrey BC
busyboyselectrical@gmail.com
www.busyboyselectrical.com
ਇਲੈਕਟ੍ਰੀਕਲ ਦਾ ਸਮਾਨ ਵਧੀਆ ਅਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ


## ਭਾਰਤ ਸਰਕਾਰ ਖ਼ਰੀਦੇਗੀ 48 ਹਜ਼ਾਰ ਕਰੋੜ ਰੁਪਏ 'ਚ 83 ਤੇਜਸ ਜਹਾਜ਼

ਬੰਗਲੂਰੂ-ਸਰਕਾਰ ਨੇ 83 ਤੇਜਸ ਹਲਕੇ ਲੜਾਕੂ ਜਹਾਜ਼ (ਐੱਲਸੀਏ) ਖ਼ਰੀਦਣ ਲਈ ਹਿੰਦੁਸਤਾਨ ਏਅਰੋਨਾਟਿਕਸ ਲਿਮਿਟਡ (ਐੱਚ. ਏ. ਐੱਲ.) ਨਾਲ 48 ਹਜ਼ਾਰ ਕਰੋੜ ਰੁਪਏ ਦਾ ਸੌਦਾ ਕੀਤਾ ਹੈ। ਰੱਖਿਆ ਮੰਤਰਾਲੇ ਦੀ ਖ਼ਰੀਦ ਮਾਮਲਿਆਂ ਬਾਰੇ ਡਾਇਰੈਕਟਰ ਜਨਰਲ ਵੀ ਐੱਲ। ਕਾਂਤਾ ਰਾ ? ਨੇ ਐੱਚ ਏ ਐੱਲ। ਦੇ ਮੈਨੇਜਿੰਗ ਡਾਇਰੈਕਟਰ ਆਰ। ਮਾਧਵਨ ਨੂੰ ਇਹ ਕਰਾਰ 'ਏਅਰੋ ਇੰਡੀਆ-2021 ਉਦਘਾਟਨ ਮੌਕੇ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਮੌਜੂਦਗੀ ਚ ਸੌਂਪਿਆ। ਇਸ ਮੌਕੇ ਰਾਜਨਾਥ ਸਿੰਘ ਨੇ ਕਿਹਾ, 'ਮੈਂ ਬਹੁਤ ਖ਼ੁਸ਼ ਹਾਂ ਕਿ ਐੱਚ ਏ ਐੱਲ। ਨੂੰ ਭਾਰਤੀ ਹਵਾਈ ਫ਼ੌਜ ਤੋਂ 83 ਨਵੇਂ ਸਵਦੇਸ਼ੀ ਐੱਲਸੀਏ ਤੇਜਸ ਐੱਮਕੇ-1ਏ ਬਣਾਉਣ ਦਾ ਕਰਾਰ ਮਿਲਿਆ ਹੈ, ਜਿਸ ਦੀ ਸੰਭਾਵਿਤ ਲਾਗਤ 48 ਹਜ਼ਾਰ ਕਰੋੜ ਤੋਂ ਵੱਧ ਰੁਪਏ ਹੈ। ਰੱਖਿਆ ਮੰਤਰੀ ਮੁਤਾਬਕ, 'ਇਹ ਸੰਭਾਵਿਤ ਤੌਰ ਤੇ ਅੱਜ ਤਕ ਦਾ ਸਭ ਤੋਂ ਵੱਡਾ 'ਮੇਕ ਇਨ ਇੰਡੀਆ ਰੱਖਿਆ ਕਰਾਰ ਹੈ। ਐੱਚ ਏ ਐੱਲ। ਵੱਲੋਂ ਤਿਆਰ ਤੇਜਸ ਇੱਕ ਇੰਜਣ ਵਾਲਾ ਬੇਹੱਦ ਨਿਪੁੰਨ, ਬਹੁ-ਉਦੇਸ਼ੀ ਸੁਪਰਸੋਨਿਕ ਲੜਾਕੂ ਜਹਾਜ਼ ਹੈ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਵਾਲੀ ਸੁਰੱਖਿਆ ਮਾਮਲਿਆਂ ਸਬੰਧੀ ਮੰਤਰੀ ਮੰਡਲ ਕਮੇਟੀ ਨੇ ਪਿਛਲੇ ਮਹੀਨੇ ਐੱਚ ਏ ਐੱਲ। ਤੋਂ 73 ਤੇਜਸ ਐੱਮਕੇ-1ਏ ਅਤੇ 10 ਐੱਲਸੀਏ ਤੇਜਸ ਐੱਮਕੇ-1 ਟਰੇਨਰ ਜਹਾਜ਼ ਖ਼ਰੀਦਣ ਨੂੰ ਹਰੀ ਝੰਡੀ ਦਿੱਤੀ ਸੀ। ਐੱਚ. ਏ.ਐੱਲ. ਦੇ ਐੱਮ.ਡੀ. ਮਾਧਵਨ ਨੇ ਕਿਹਾ ਕਿ 48 ਹਜ਼ਾਰ ਕਰੋੜ ਰੁਪਏ ਦੇ ਕਰਾਰ ਤਹਿਤ ਭਾਰਤੀ ਹਵਾਈ ਸੈਨਾ ਨੂੰ ਤੇਜਸ ਐੱਲਸੀਏ ਦੀ ਸਪਲਾਈ ਮਾਰਚ 2024 ਤੋਂ ਸ਼ੁਰੂ ਹੋ ਜਾਵੇਗੀ ਅਤੇ 83 ਜਹਾਜ਼ਾਂ ਦੀ ਪੂਰਤੀ ਹੋਣ ਤਕ ਸਾਲਾਨਾ ਲੱਗਪਗ 16 ਜਹਾਜ਼ ਸਪਲਾਈ ਕੀਤੇ ਜਾਣਗੇ।

## ਜੇ ਬੇਟੀ ਮਾਂ-ਬਾਪ ਕੋਲ ਹੈ ਤਾਂ ਉਸ ਨੂੰ ਨਾਜਾਇਜ਼ ਹਿਰਾਸਤ ਵਿੱਚ ਨਹੀਂ ਕਿਹਾ ਜਾ ਸਕਦਾ-ਸੁਪਰੀਮ ਕੋਰਟ



ਕੇਰਲ-ਕੇਰਲ ਦੇ ਇੱਕ ਅਧਿਆਤਮਕ ਗੁਰੂ ਵੱਲੋਂ ਆਪਣੀ ਲਿਵ-ਇਨ ਪਾਰਟਨਰ ਨੂੰ ਉਸ ਦੇ ਮਾਤਾ-ਪਿਤਾ ਦੀ ਕਸਟਡੀ ਤੋਂ ਮੁਕਤ ਕਰਾਉਣ ਦੀ ਅਰਜ਼ੀ 'ਤੇ ਸੁਪਰੀਮ ਕੋਰਟ ਨੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ ਹੈ। ਚੀਫ ਜਸਟਿਸ ਐਸ ਏ ਬੋਬਡੇ ਦੀ ਅਗਵਾਈ ਵਾਲੀ ਬੈਂਚ ਨੇ ਅਰਜ਼ੀ ਰੱਦ ਕਰਦੇ ਹੋਏ ਕਿਹਾ ਕਿ ਕੋਈ ਬੇਟੀ ਆਪਣੇ ਮਾਤਾ-ਪਿਤਾ ਕੋਲ ਹੈ ਤਾਂ ਉਸ ਨੂੰ ਹਮੇਸ਼ਾ ਨਾਜਾਇਜ਼ ਹਿਰਾਸਤ ਵਿੱਚ ਨਹੀਂ ਕਿਹਾ ਜਾ ਸਕਦਾ। ਕੋਰਟ ਨੇ ਅਰਜ਼ੀ ਨੂੰ ਰੱਦ ਕਰ ਦਿੱਤਾ ਅਤੇ ਅਰਜ਼ੀਕਰਤਾ ਨੂੰ ਹਾਈ ਕੋਰਟ ਵਿੱਚ ਜਾਣ ਦੀ ਸਲਾਹ ਦਿੱਤੀ ਹੈ। 52 ਸਾਲਾ ਇਸ ਅਧਿਆਤਮਕ ਗੁਰੂ ਅਤੇ ਪੇਸ਼ੇ ਤੋਂ ਡਾਕਟਰ ਦਾ ਕਹਿਣਾ ਸੀ ਕਿ ਉਸ ਦੀ 25 ਸਾਲਾ ਲਿਵ ਇਨ ਪਾਰਟਨਰ ਅਤੇ ਉਨ੍ਹਾਂ ਦੀ ਯੋਗ ਸ਼ਿਸ਼ ਨੂੰ ਉਸ ਦੇ ਮਾਤਾ-ਪਿਤਾ ਨੇ ਜਬਰੀ ਆਪਣੇ ਕੋਲ ਬੰਦੀ ਬਣਾ ਰੱਖਿਆ ਹੈ। ਇਸ ਤੋਂ ਪਹਿਲਾਂ ਹਾਈ ਕੋਰਟ ਨੇ ਅਧਿਆਤਮਕ ਗੁਰੂ ਦੀ ਅਰਜ਼ੀ ਇਹ ਕਹਿ ਕੇ ਰੱਦ ਕਰ ਦਿੱਤੀ ਸੀ ਕਿ ਲੜਕੀ ਦੀ ਮਾਨਸਿਕ ਸਥਿਤੀ ਠੀਕ ਨਹੀਂ ਹੈ। ਚੀਫ ਜਸਟਿਸ ਨੇ ਕਿਹਾ ਕਿ ਕਸਟਡੀ ਤੇ ਹਿਰਾਸਤ ਦਾ ਵੱਡਾ ਫਰਕ ਹੈ। ਜੇ ਇੱਕ ਬੇਟੀ ਮਾਤਾ-ਪਿਤਾ ਦੀ ਕਸਟਡੀ ਵਿੱਚ ਹੈ ਤਾਂ ਮਤਲਬ ਇਹਨਹੀਂ ਕਿ ਉਸ ਨੂੰ ਨਾਜਾਇਜ਼ ਹਿਰਾਸਤ ਵਿੱਚ ਲਿਆ ਹੈ। ਲੜਕੀ ਦੀ ਮਾਨਸਿਕ ਸਥਿਤੀ ਠੀਕ ਨਹੀਂ ਹੈ ਅਤੇ ਉਹ ਮਾਤਾ-ਪਿਤਾ ਦੇ ਕੋਲ ਹੈ। ਰਹੀ ਗੱਲ ਲੜਕੀ ਦੀ ਇੱਛਾ ਜ਼ਾਹਰ ਕਰਨ ਦੀ ਤਾਂ ਕਮਜ਼ੋਰ ਮਾਨਸਿਕ ਸਥਿਤੀ ਵਾਲਾ ਕੋਈ ਵੀ ਵਿਅਕਤੀ ਠੋਸ ਫੈਸਲਾ ਨਹੀਂ ਲੈ ਸਕਦਾ।


TSM GALLERY
High quality artwork for your home or business, religious or public places.
We specialize in all kind of wallpaper installation.
Tejpal Singh Mann (Artist)
778-885-2197
Mehndi(henna), Jagua, Airbrush Body Art, Temporary Tattoo.
Learn in your spare time,
Earn extra income gain friends
Training available.
9353 120st Delta BC (By Appointment)
www.tsmgallery.ca | www.jollyarts.ca



### ਖੇਤੀ ਕਾਨੂੰਨਾਂ 'ਤੇ ਅਮਰੀਕਾ ਨੇ ਕੀਤਾ ਭਾਰਤ ਦਾ ਸਮਰਥਨ

# ਨਿੱਜੀਕਰਨ ਨਾਲ ਵਧੇਗਾ ਦੁਨੀਆ 'ਚ ਭਾਰਤੀ ਬਾਜ਼ਾਰ ਦਾ ਪ੍ਰਭਾਵ

ਅਮਰੀਕਾ-ਅਮਰੀਕਾ ਨੇ ਭਾਰਤ ਦੇ ਨਵੇਂ ਖੇਤੀ ਕਾਨੂੰਨਾਂ ਦਾ ਸਵਾਗਤ ਕੀਤਾ ਹੈ। ਅਮਰੀਕਾ ਨੇ ਕਿਹਾ ਕਿ ਉਹ ਅਜਿਹੇ ਕਦਮ ਦਾ ਸਵਾਗਤ ਕਰਦਾ ਹੈ। ਦਿਸ ਨਾਲ ਦੁਨੀਆ 'ਚ ਭਾਰਤੀ ਬਾਜ਼ਾਰ ਦਾ ਪ੍ਰਭਾਵ ਵਧੇਗਾ। ਇਹ ਸਵੀਕਾਰ ਕਰਦਿਆਂ ਖੇਤੀ ਕਾਨੂੰਨਾਂ ਤੇ ਸ਼ਾਂਤੀਪੂਰਨ ਵਿਰੋਧ ਇਕ ਸੰਪਨ ਲੋਕਤੰਤਰ ਦੀ ਇਕ ਬਾਨਗੀ ਹੈ, ਅਮਰੀਕਾ ਨੇ ਬੁੱਧਵਾਰ ਨੂੰ ਕਿਹਾ ਕਿ ਉਹ ਅਜਿਹੇ ਕਦਮਾਂ ਦਾ ਸਵਾਗਤ ਕਰਦਾ ਹੈ ਜੋ ਭਾਰਤ ਦੇ ਬਾਜ਼ਾਰਾਂ ਦੀ ਕੁਸ਼ਲਤਾ 'ਚ ਸੁਧਾਰ ਕਰਨਗੇ ਤੇ ਨਿੱਜੀ ਖੇਤਰ ਦੇ ਜ਼ਿਆਦਾ ਨਿਵੇਸ਼ ਨੂੰ ਆਕਰਸ਼ਿਤ ਕਰਨਗੇ। ਵਿਦੇਸ਼ ਵਿਭਾਗ ਨੇ ਇਕ ਬੁਲਾਰੇ ਨੇ ਸੰਕੇਤ ਦਿੱਤਾ ਕਿ



ਨਵੀਂ ਬਾਈਡਨ ਸਰਕਾਰ ਖੇਤੀਬਾੜੀ ਖੇਤਰ 'ਚ ਸੁਧਾਰ ਲਈ ਭਾਰਤ ਸਰਕਾਰ ਦੇ ਕਦਮ ਦਾ ਸਮਰਥਨ ਕਰਦੀ ਹੈ, ਜੋ ਕਿਸਾਨਾਂ ਲਈ ਨਿੱਜੀ ਨਿਵੇਸ਼ 'ਤੇ ਜ਼ਿਆਦਾ ਬਾਜ਼ਾਰ ਪਹੁੰਚ ਨੂੰ ਆਕਰਸ਼ਿਤ ਕਰਦੀ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਆਮਤੌਰ 'ਤੇ ਅਮਰੀਕਾ ਵਰਗੇ ਕਦਮਾਂ ਦਾ ਸਵਾਗਤ ਕਰਦਾ ਹੈ ਜੋ ਭਾਰਤ ਦੇ ਬਾਜ਼ਾਰਾਂ ਦੀ ਦਕਸ਼ਤਾ 'ਚ ਸੁਧਾਰ ਕਰਨਗੇ ਤੇ ਨਿੱਜੀ ਖੇਤਰ ਦੇ ਨਿਵੇਸ਼ ਨੂੰ ਆਕਰਸ਼ਿਤ ਕਰਨਗੇ। ਭਾਰਤ 'ਚ ਚੱਲ ਰਹੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਨੂੰ ਲੈ ਕੇ ਕੀਤੇ ਗਏ ਇਕ ਸਵਾਲ ਦੇ ਜਵਾਬ 'ਚ ਅਮਰੀਕੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਅਮਰੀਕਾ, ਭਾਰਤ ਦੇ ਅੰਦਰ ਗੱਲਬਾਤ ਰਾਹੀਂ ਪਾਰਟੀਆਂ ਵਿਚਕਾਰ ਕਿਸੇ ਵੀ ਮਤਭੇਦ ਨੂੰ ਹੱਲ ਕੀਤੇ ਜਾਣ ਦੇ ਪੱਖ 'ਚ ਹੈ। ਵਿਦੇਸ਼ ਮੰਤਾਰਲੇ ਦੇ ਬੁਲਾਰੇ ਨੇ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਕਿਸੇ ਵੀ ਸਪੰਨ ਲੋਕਤੰਤਰ ਦੀ ਪਛਾਣ ਹੈ ਤੇ ਭਾਰਤ ਦੀ ਮਹਾਸਭਾ ਨੇ ਵੀ ਇਹੀ ਕਿਹਾ ਹੈ।

### ਅਮਰੀਕਾ 'ਚ ਵਿਰੋਧ 'ਚ ਵੀ ਉਠੀ ਗੂੰਜ

ਇਕ ਪਾਸੇ ਜਿੱਥੇ, ਅਮਰੀਕਾ ਦੀ ਨਵੀਂ ਬਾਈਡਨ ਸਰਕਾਰ ਭਾਰਤ ਦੇ ਸਮਰਥਨ 'ਚ ਨਜ਼ਰ ਆ ਰਹੀ ਹੈ ਤਾਂ ਇਸੇ ਵਿਚਕਾਰ ਭਾਰਤ 'ਚ ਕਿਸਾਨ ਅੰਦੋਲਨ ਦੇ ਸਮਰਥਨ 'ਚ ਵੀ ਕਈ ਅਮਰੀਕੀ ਕਾਨੂੰਨਵਾਦੀ ਸਾਹਮਣੇ ਆਏ ਹਨ। ਅਮਰੀਕੀ ਕਾਂਗਰਸ ਦੀ ਹੇਲੀ ਸਟੀਵੰਸ ਨੇ ਕਿਹਾ ਕਿ ਮੈਂ ਭਾਰਤ ਦੇ ਨਵੇਂ ਖੇਤੀ ਸੁਧਾਰ ਕਾਨੂੰਨਾਂ ਦਾ ਵਿਰੋਧ ਕਰਨ ਵਾਲੇ ਸ਼ਾਂਤੀਪੂਰਨ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਕਥਿਤ ਕਾਰਵਾਈ ਤੋਂ ਪਰੇਸ਼ਾਨ ਹਾਂ। ਇਸ ਤੋਂ ਇਲਾਵਾ ਕਈ ਹੋਰ ਆਗੂ ਵੀ ਕਿਸਾਨ ਅੰਦੋਲਨ ਨਾਲ ਖੜ੍ਹੇ ਨਜ਼ਰ ਆਏ।

## ਅਮਰੀਕਾ ਦੇ ਰਾਸ਼ਟਰਪਤੀ ਜੋ ਬਾਇਡਨ ਨੇ ਇਮੀਗ੍ਰੇਸ਼ਨ ਸਬੰਧੀ ਸਖ਼ਤ ਨੀਤੀਆਂ ਨੂੰ ਪਲਟਿਆ

ਵਾਸ਼ਿੰਗਟਨ-ਅਮਰੀਕਾ ਦੇ ਰਾਸ਼ਟਰਪਤੀ ਜੋ ਬਾਇਡਨ ਨੇ ਤਿੰਨ ਅਜਿਹੇ ਕਾਰਜਕਾਰੀ ਆਦੇਸ਼ਾਂ ਨੂੰ ਰੱਦ ਕਰ ਦਿੱਤਾ ਹੈ ਜਿਹੜੇ ਟਰੰਪ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਨੀਤੀਆਂ ਸਬੰਧੀ ਦਿੱਤੇ ਸਨ। ਇਨ੍ਹਾਂ 'ਚ ਪੁਰਾਣੇ ਪ੍ਰਸ਼ਾਸਨ ਦੀ ਸਖਤ ਨੀਤੀ ਕਾਰਨ ਦੱਖਣ ਦੀ ਅਮਰੀਕਾ-ਮੈਕਸੀਕੋ ਸਰਹੱਦ 'ਤੇ ਵੱਖ ਹੋਏ ਪਰਵਾਸੀ ਪਰਿਵਾਰਾਂ ਨੂੰ ਇਕ ਕਰਨ ਸਬੰਧੀ ਮਹੱਤਵਪੂਰਨ ਆਦੇਸ਼ ਵੀ ਹੈ। ਇਨ੍ਹਾਂ ਆਦੇਸ਼ਾਂ 'ਤੇ ਦਸਤਖਤ ਕਰਨ ਮਗਰੋਂ ਜੋ ਬਾਇਡਨ ਨੇ ਕਿਹਾ ਕਿ ਅੱਜ ਪਹਿਲਾ ਕੰਮ ਅਸੀਂ ਸਾਬਕਾ ਪ੍ਰਸ਼ਾਸਨ ਵੱਲੋਂ ਕੀਤੇ ਗਏ ਅਨੈਤਿਕ ਤੇ ਦੇਸ਼ ਲਈ ਸ਼ਰਮਨਾਕ ਆਦੇਸ਼ ਨੂੰ ਵਾਪਸ ਲੈ ਕੇ ਕਰ ਰਹੇ ਹਾਂ, ਜਿਸ 'ਚ ਬੱਚੇ ਆਪਣੀ ਮਾਂ, ਪਰਿਵਾਰ ਤੇ ਪਿਤਾ ਤੋਂ ਵਿਛੜ ਗਏ ਸਨ। ਇਹ ਬੱਚੇ ਤੇ ਉਨ੍ਹਾਂ ਦੇ ਪਰਿਵਾਰ ਹਾਲੇ ਤਕ ਹਿਰਾਸਤ 'ਚ ਹਨ। ਹੁਣ ਇਹ ਮੁੜ ਆਪਣੇ ਪਰਿਵਾਰਾਂ ਨੂੰ ਮਿਲ ਸਕਣਗੇ। ਦੂਜਾ ਕਾਰਜਕਾਰੀ ਆਦੇਸ਼ ਉਹ ਹੈ, ਜੋ ਦੱਖਣੀ ਸਰਹੱਦ ਤੋਂ ਪਰਵਾਸ ਦਾ ਮੂਲ ਕਾਰਨ ਹੈ। ਉਨ੍ਹਾਂ ਨੇ ਤੀਜਾ ਕਾਰਜਕਾਰੀ ਆਦੇਸ਼ ਟਰੰਪ ਪ੍ਰਸ਼ਾਸਨ ਦੀ ਪੂਰੀ ਇਮੀਗ੍ਰੇਸ਼ਨ ਨੀਤੀ ਦੀ ਸਮੀਖਿਆ ਕਰਨ ਦਾ ਕੀਤਾ ਹੈ। ਬਾਇਡਨ ਨੇ ਪਰਵਾਸੀਆਂ ਸਬੰਧੀ ਕਿਹਾ ਕਿ ਉਹ ਤੇ ਉਨ੍ਹਾਂ ਦੇ ਬੱਚੇ ਸਾਡੀ ਆਰਥਿਕ ਵਿਵਸਥਾ ਦੇ ਮਹੱਤਵਪੂਰਨ ਅੰਗ ਹਨ, ਜਿਹੜੇ ਸਿਹਤ, ਨਿਰਮਾਣ, ਸੇਵਾ ਖੇਤਰ ਤੇ ਖੇਤੀ ਦੇ ਕੰਮ ਲੱਗੇ ਹਨ। ਇਹ ਸਾਰੇ ਸਾਡੇ ਅਰਥਚਾਰੇ ਨੂੰ ਅੱਗੇ ਵਧਾਉਣ 'ਚ ਮਦਦ ਕਰ ਰਹੇ ਹਨ। ਸਾਨੂੰ ਦੁਨੀਆ 'ਚ ਵਿਗਿਆਨ, ਤਕਨੀਕ ਤੇ ਇਨੋਵੇਸ਼ਨ ਦੇ ਖੇਤਰ 'ਚ ਸਰਬ ਉੱਚ ਸਥਾਨ 'ਤੇ ਬਣਾਈ ਰੱਖਣ 'ਚ ਮਦਦ ਕਰ ਰਹੇ ਹਨ। ਬਾਇਡਨ ਦੇ ਇਨ੍ਹਾਂ ਆਦੇਸ਼ਾਂ ਨਾਲ ਤੁਰੰਤ ਕਾਫ਼ੀ ਰਾਹਤ ਮਿਲੀ ਹੈ। ਇਹ ਆਦੇਸ਼ ਆਉਣ ਵਾਲੇ ਹਫਤੇ ਜਾਂ ਮਹੀਨਿਆਂ 'ਚ ਇਮੀਗ੍ਰੇਸ਼ਨ ਕਾਨੂੰਨਾਂ ਦੇ ਆਸਾਨ ਬਣਾਉਣ ਦਾ ਸਪੱਸ਼ਟ ਸੰਕੇਤ ਹੈ।






*We Can Help You Sell Your House!*

**Satvir Cheema**
**604-240-9148**

CENTURY 21 Coastal Realty Ltd.
#105-7928 128th St., Surrey, BC, V3W 4E8

satvir.cheema@century21.ca



PUNJAB LINK
# ਪੰਜਾਬ ਲਿੰਕ
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*

**Amrik Cheema**
*PREC
**604-369-7000**


CENTURY 21 Coastal Realty Ltd.
#105-7928 128th St., Surrey, BC, V3W 4E8

info@amrikcheema.com



# ਕੋਵੈਕਸ ਰਾਹੀਂ ਮਾਰਚ ਤੱਕ ਕੈਨੇਡਾ ਨੂੰ ਹਾਸਲ ਹੋ ਜਾਣਗੀਆਂ 1.1 ਮਿਲੀਅਨ ਡੋਜ਼ਾਂ

ਓਟਵਾ-ਕੈਨੇਡਾ ਨੂੰ ਮਾਰਚ ਦੇ ਅੰਤ ਤੱਕ ਕੋਵਿਡ-19 ਵੈਕਸੀਨ ਦੀਆਂ ਇੱਕ ਮਿਲੀਅਨ ਵਾਧੂ ਡੋਜ਼ਾਂ ਹੋਰ ਹਾਸਲ ਹੋ ਜਾਣਗੀਆਂ। ਅਜਿਹਾ ਗਲੋਬਲ ਵੈਕਸੀਨ ਸ਼ੇਅਰਿੰਗ ਪਹਿਲਕਦਮੀ ਕੋਵੈਕਸ ਰਾਹੀਂ ਸੰਭਵ ਹੋਵੇਗਾ। ਕੋਵੈਕਸ ਫੈਸਿਲਿਟੀ, ਵਰਲਡ ਹੈਲਥ ਆਰਗੇਨਾਈਜ਼ੇਸ਼ਨ ਤੇ ਗੈਵੀ (ਦ ਵੈਕਸੀਨ ਅਲਾਇੰਸ) ਦੇ ਸਹਿਯੋਗ ਨਾਲ ਚਲਾਈ ਜਾਂਦੀ ਹੈ। ਇਸ ਪ੍ਰਬੰਧ ਤਹਿਤ ਅਮੀਰ ਦੇਸ਼ ਆਪਣੇ ਲਈ ਤੇ 92 ਘੱਟ ਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ, ਜਿਹੜੇ ਵੈਕਸੀਨ ਨਹੀਂ ਖਰੀਦ ਸਕਦੇ, ਲਈ ਫੰਡ ਇੱਕਠਾ ਕਰਕੇ ਵੈਕਸੀਨ ਖਰੀਦਦੇ ਹਨ। ਸਤੰਬਰ ਵਿੱਚ ਕੈਨੇਡਾ ਨੇ ਕੋਵੈਕਸ ਲਈ 440 ਮਿਲੀਅਨ ਡਾਲਰ ਦਾ ਯੋਗਦਾਨ ਪਾਇਆ ਸੀ। ਇਸ ਨਾਲ ਕੈਨੇਡਾ ਨੂੰ ਸਿੱਧੇ ਤੌਰ ਉੱਤੇ ਅੱਧੀਆਂ ਡੋਜ਼ਾਂ ਹਾਸਲ ਹੋਣ ਲਈ ਰਾਹ ਪੱਧਰਾ ਹੋ ਗਿਆ। ਇਹ ਡੋਜ਼ਾਂ ਉਨ੍ਹਾਂ ਨੌਂ ਕੰਪਨੀਆਂ ਵੱਲੋਂ ਹਾਸਲ ਹੋਣਗੀਆਂ ਜਿਹੜੀਆਂ ਇਸ ਪ੍ਰੋਗਰਾਮ ਵਿੱਚ ਸ਼ਾਮਲ ਹਨ। ਬਾਕੀ ਰਕਮ ਉਸ ਪੂਲ ਫੰਡ ਵਿੱਚ ਇੱਕਠੀ ਹੋਵੇਗੀ ਜਿਸ ਰਾਹੀਂ 92 ਘੱਟ ਤੇ ਦਰਮਿਆਨੀ ਆਮਦਨ ਵਾਲੇ ਮੁਲਕਾਂ ਦੇ 20 ਫੀ ਸਦੀ ਲੋਕਾਂ ਲਈ ਡੋਜ਼ਾਂ ਖਰੀਦੀਆਂ ਜਾ ਸਕਣਗੀਆਂ। ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਨੇ ਦੱਸਿਆ ਕਿ ਐਸਟ੍ਰਾਜੈਨੇਕਾ ਵੈਕਸੀਨ ਦੀਆਂ 1.1 ਮਿਲੀਅਨ ਡੋਜ਼ਾਂ ਮਾਰਚ ਦੇ ਅੰਤ ਤੱਕ ਕੋਵੈਕਸ ਰਾਹੀਂ ਕੈਨੇਡਾ ਪਹੁੰਚ ਜਾਣਗੀਆਂ ਤੇ 3.2 ਮਿਲੀਅਨ ਜੂਨ ਦੇ ਅੰਤ ਤੱਕ ਇੱਥੇ ਪਹੁੰਚ ਜਾਣਗੀਆਂ ਆਨੰਦ ਨੇ ਦੱਸਿਆ ਕਿ ਇਸ ਨਾਲ ਮਾਰਚ ਦੇ ਅੰਤ ਤੱਕ ਫਾਈਜ਼ਰ ਤੇ ਮੌਡਰਨਾ ਤੋਂ ਹਾਸਲ ਹੋਣ ਵਾਲੀਆਂ ਛੇ ਮਿਲੀਅਨ ਡੋਜ਼ਾਂ ਨੂੰ ਹੁਲਾਰਾ ਮਿਲੇਗਾ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਨੇ ਮਾਰਚ ਦੇ ਅੰਤ ਤੱਕ ਤਿੰਨ ਮਿਲੀਅਨ ਲੋਕਾਂ ਨੂੰ ਵੈਕਸੀਨੇਟ ਕਰਨ ਦੀ ਯੋਜਨਾ ਬਣਾਈ ਹੈ ਤੇ ਅਪਰੈਲ ਤੇ ਜੂਨ ਦਰਮਿਆਨ 10 ਮਿਲੀਅਨ ਲੋਕਾਂ ਨੂੰ ਵੈਕਸੀਨੇਟ ਕਰਨ ਦਾ ਟੀਚਾ ਮਿਥਿਆ ਹੈ।



## ਕੈਨੇਡਾ ਲਈ ਵੈਕਸੀਨ ਡਲਿਵਰੀ ਨੂੰ ਯੂਰਪ ਨੇ ਦਿੱਤੀ ਮਨਜ਼ੂਰੀ

ਓਟਵਾ-ਯੂਰਪੀਅਨ ਕਮਿਸ਼ਨ ਦਾ ਕਹਿਣਾ ਹੈ ਕਿ ਉਸ ਵੱਲੋਂ ਕੈਨੇਡਾ ਲਈ ਕੋਵਿਡ-19 ਵੈਕਸੀਨ ਦੀ ਡਲਿਵਰੀ ਨੂੰ ਅਧਿਕਾਰਤ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਨਿਰਧਾਰਤ ਡੋਜ਼ਾਂ ਕੈਨੇਡਾ ਨੂੰ ਐਕਸਪੋਰਟ ਕਰਨ ਉੱਤੇ ਕਿਸੇ ਕਿਸਮ ਦੀ ਰੋਕ ਨਹੀਂ ਹੋਵੇਗੀ। ਯੂਰਪੀਅਨ ਕਮਿਸ਼ਨ ਦੇ ਬੁਲਾਰੇ ਨੇ ਆਖਿਆ ਕਿ ਕਈ ਹੋਰਨਾਂ ਦੇਸ਼ਾਂ ਨਾਲ ਕੈਨੇਡਾ ਨੇ ਵੀ ਡਲਿਵਰੀ ਲਈ ਅਪਲਾਈ ਕੀਤਾ ਸੀ ਤੇ ਇਸ ਲਈ ਉਸ ਨੂੰ ਵੈਕਸੀਨ ਦੀ ਨਿਰਧਾਰਤ ਖੇਪ ਡਲਿਵਰ ਕੀਤੀ ਜਾਵੇਗੀ ਬੁਲਾਰੇ ਨੇ ਆਖਿਆ ਕਿ ਕੈਨੇਡਾ ਇਸ ਗੱਲ ਤੋਂ ਜਾਣੂ ਹੈ ਕਿ ਯੂਰਪੀਅਨ ਯੂਨੀਅਨ ਦਾ ਇਹ ਫਰਜ਼ ਬਣਦਾ ਹੈ ਕਿ ਜਲਦ ਤੋਂ ਜਲਦ ਸਾਰੇ ਨਾਗਰਿਕਾਂ ਨੂੰ ਵੈਕਸੀਨੇਟ ਕੀਤਾ ਜਾਵੇ। ਇਸ ਦੇ ਨਾਲ ਹੀ ਅਸੀਂ ਹੋਰਨਾਂ ਮੁਲਕਾਂ ਨੂੰ ਵੀ ਇਸ ਵੈਕਸੀਨ ਤੋਂ ਸੱਖਣਾ ਨਹੀਂ ਰੱਖ ਸਕਦੇ, ਖਾਸ ਤੌਰ ਉੱਤੇ ਉਦੋਂ ਜਦੋਂ ਅਜਿਹੇ ਦੇਸ਼ਾਂ ਕੋਲ ਵੈਕਸੀਨ ਤਿਆਰ ਕਰਨ ਦਾ ਕੋਈ ਪ੍ਰਬੰਧ ਹੀ ਨਹੀਂ ਹੈ। ਮੌਡਰਨਾ, ਫਾਈਜ਼ਰ-ਬਾਇ ?ਐਨਟੈਕ ਤੇ ਐਸਟ੍ਰਾਜੈਲ਼ਨੇਕਾ ਵੈਕਸੀਨ ਦੀ ਵੰਡ ਦੇ ਸਬੰਧ ਵਿੱਚ ਯੂਰਪੀਅਨ ਯੂਨੀਅਨ ਨੇ ਮੈਂਬਰ ਮੁਲਕਾਂ ਵਿੱਚ ਤਿਆਰ ਕੀਤੀ ਜਾਣ ਵਾਲੀ ਵੈਕਸੀਨ ਉੱਤੇ ਐਕਸਪੋਰਟ ਕੰਟਰੋਲ ਪਾਲਿਸੀ ਲਾਗੂ ਕੀਤੀ ਹੈ। ਇਸ ਤਹਿਤ ਫਾਰਮਾਸਿਊਟੀਕਲ ਕੰਪਨੀਆਂ ਨੂੰ ਵੈਕਸੀਨ ਹੋਰਨਾਂ ਦੇਸ਼ਾਂ ਨੂੰ ਭੇਜਣ ਤੋਂ ਪਹਿਲਾਂ ਇਜਾਜ਼ਤ ਲੈਣੀ ਹੋਵੇਗੀ। ਇਸ ਸੂਚੀ ਵਿੱਚੋਂ 120 ਦੇਸ਼ਾਂ ਨੂੰ ਛੋਟ ਦਿੱਤੀ ਗਈ ਹੈ। ਪਰ ਕੈਨੇਡਾ ਉਨ੍ਹਾਂ ਵਿੱਚ ਸ਼ਾਮਲ ਨਹੀਂ ਹੈ। ਪਬਲਿਕ ਸਰਵਿਸਿਜ਼ ਐਂਡ ਪ੍ਰੋਕਿ ?ਰਮੈਂਟ ਮੰਤਰੀ ਅਨੀਤਾ ਆਨੰਦ ਨੇ ਸੋਮਵਾਰ ਨੂੰ ਹਾਊਸ ਆਫ ਕਾਮਨਜ਼ ਨੂੰ ਦੱਸਿਆ ਕਿ ਫਾਈਜ਼ਰ-ਬਾਇ ?ਐਨਟੈਕ ਵੈਕਸੀਨ ਦੀ ਨਵੀਂ ਖੇਪ ਯੂਰਪ ਤੋਂ ਰਵਾਨਾ ਹੋ ਚੁੱਕੀ ਹੈ ਤੇ ਜਲਦ ਹੀ ਕੈਨੇਡਾ ਪਹੁੰਚ ਜਾਵੇਗੀ। ਇੱਥੇ ਦੱਸਣਾ ਬਣਦਾ ਹੈ ਕਿ ਪਹਿਲਾਂ ਨਿਰਧਾਰਤ ਖੇਪ ਦਾ ਇਹ ਪੰਜਵਾਂ ਹਿੱਸਾ ਹੈ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION

www.hughesco.com
CEDRIC HUGHES
**604.602.1828**

*HEAD OFFICE:*
**VANCOUVER**
**505-777 W. BROADWAY**



SUNNY SANGHA • PERSONAL REAL ESTATE CORPORATION

**15428 28 AVENUE**

**$1,199,000 Subdividable**

Attention Investors & Builders... Collect rent now and develop later. The PLA has been approved by the city for the two RF10 lots each with 31ft frontage. The home is in good condition and currently rented for $2100/month with 10 months remaining on the lease. No Door Knocking. Call now for more information

**#603 13308 CENTRAL AVE.**

**$549,000**

Welcome to Evolve, Downtown's Surrey's newest building. Just one-year-old building located in the core of Surrey's downtown near all types of transport, shopping, restaurants, and universities. This two bedrooms two bathroom unit is located on the 6th floor facing northwest with a huge balcony. The property has been rented for $1600/ month to good tenants. Call today to book your private showing.

Sunny Sangha
604-356-5555

SUNNY SANGHA
Personal Real Estate Corporation

CENTURY 21 Coastal Realty Ltd.

MLS MEDALLION CLUB MEMBER

Ram Johal
604-356-5555

www.sunnysangha.com | info@sunnysangha.com









## *We Can Help You Sell Your House!*



**Satvir Cheema**
**604-240-9148**

satvir.cheema@century21.ca

**Amrik Cheema**
*PREC
**604-369-7000**



info@amrikcheema.com

CENTURY 21 Coastal Realty Ltd.

## 2 Warehouse For Sale. Side by Side. Ideal for Autobody shop (Car Mechanic) or Repair Shop. Located opposite Payal Business Centre.

### 8193 144 ST., SURREY




**Newly and Extensively Renovated home, in the sought after Location of Brookside, sitting on Over 12000 sq. ft. rectangular lot. Recently Well Over $200,000.00 spent renovating with new flooring, Carpets and tiles, new lighting fixtures, new kitchen cabinet, new appliances.... and all the bathrooms fully renovated, new furnace, new hot water tank and New Windows.... Plus lot more. Ground floor contains spacious 2 bedroom suite, and potential to have another 1 Bedroom suite to have great Mortgage help. Easy access to Shopping, schools, Transit. Walking Distance to Gurdwara Sahib and Hindu Temple. Book your showing now!!!!**

### #2 12088 76 AVE., SURREY




**Centrally Located BRAND NEW TOWNHOUSE complex in Strawberry Hill Area. Close to shopping, all amenities, variety of restaurants and Strawberry Hill Cineplex. The B plan in Building 2 features 3 bed + Flex home, 3 ½ Bathroom, fenced back yard. Wide Open main floor level features a Big Living room area combined with Dining room area and A Big Kitchen. Master bedroom for a king sized bed, walk through closet and private ensuite. Two more very good size bedrooms and a big bath. Laundry is also spacious with side by side Washer and Dryer. All the units in this complex have side by side double garages. Walking distance to elementary school, parks, transit and Scottsdale Exchange Bus Loop and easy access to all major routes.**

### #8 12088 76 AVE., SURREY




**Centrally Located BRAND NEW TOWNHOUSE complex in Strawberry Hill Area. Close to shopping, all amenities, variety of restaurants and Strawberry Hill Cineplex. The B plan in Building 2 features 3 bed + Flex home, 3 ½ Bathroom, fenced back yard. Wide Open main floor level features a Big Living room area combined with Dining room area and A Big Kitchen. Master bedroom for a king sized bed, walk through closet and private ensuite. Two more very good size bedrooms and a big bath. Laundry is also spacious with side by side Washer and Dryer. All the units in this complex have side by side double garages. Walking distance to elementary school, parks, transit and Scottsdale Exchange Bus Loop and easy access to all major routes.**

## OFFICE SPACE FOR RENT/LEASE

2200 sq. ft Office Space for Rent/ Lease is available at Scott road and 72 avenue, Near Gurdwara Sahib.
Ideal for professional office space, Lots of Street Exposure to all the traffic on Scott Road
Call for more info

### 14240 62 AVE., SURREY




**Location! Location! Brand new, Beautifully built home right in the heart of Sullivan Station. Close to all level of schools, shopping and Restaurants. Easy access to all major routes and Hwys. Very practical open concept with large living and dining area and Big kitchen with attached Big family room and nook area. Spice kitchen is very good size as well. A big Bedroom with own ensuite on the main floor is a bonus. Upstairs has very well laid out plan with 4 Big Bedrooms and 3 full washrooms. A Big 2 Bedroom legal suite as mortgage helper. A big entertainment area with own wet bar is a perfect fit for big family gatherings.**

### 12498 90A AVE., SURREY




**Location! Location!! In the highly sought after Queen Mary Park area. A very well kept, Recently renovated homes. Over $70,000.00 spent on renovations in last month or so, with many New updates. Huge backyard and Sundeck in the back to enjoy Summer parties. 2 Story home has a very popular layout on the main floor with Big Living room and Dinning room area. Family room is very big and all the Bedrooms are very good size as well. basement has 2+1 bedrooms suites as mortgage helpers. Central Location, walking distance to both level of schools, shopping and all major routes and close to Surrey central city.**

### 9256 126 ST., SURREY




**Location!! In the highly sought after area, Queen Mary Park in Surrey, An Ideal House for first time buyers with a BIG over 7400 sq.ft. lot. Very well kept and partially renovated home has 3 bedrooms, A Big Living room, Dining room and family room upstairs. For mortgage help, this house has TWO 2 bedroom suites. Walking distance to both levels of school, shopping area and transit. Easy access to all major routes.**

# RIGHT LINK LOGISTICS LTD.

## HIRING HIRING HIRING HIRING HIRING




## COMPANY DRIVERS AND OWNER OPERATORS

# TEAM OR SOLO

**U.S.A Routes: BC to CA, AZ, TX**
**BC to WA / WA to BC or AB**
**Canada Routes: BC / AB Canada Wide**
**Paid Picks and Drops**
**Extended Medical Benefits and Travel Insurance**
**Yard to Yard Work**
**Brand New Trucks & Trailers**

Right-Link
Logistics Ltd

**Call: +1-604-857-4777 / 778-344-1964**
**Email: team@rightlink.ca**

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*
***Remote Location? No Problem. We will come to you !***


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch

### ਮਹਾਪੰਚਾਇਤ 'ਚ ਟਿਕੈਤ ਦੀ ਚਿਤਾਵਨੀ

# ਖੇਤੀ ਕਾਨੂੰਨ ਰੱਦ ਨਾ ਕੀਤੇ ਤਾਂ ਮੋਦੀ ਦਾ ਸੱਤਾ ਵਿਚ ਰਹਿਣਾ ਹੋ ਜਾਵੇਗਾ ਔਖਾ

## ਪੰਜਾਬ ਸਾਡਾ ਵੱਡਾ ਭਰਾ ਅਤੇ ਹਰਿਆਣਾ ਤੇ ਯੂਪੀ ਹਮੇਸ਼ਾ ਉਸ ਦੀ ਪਿੱਠ 'ਤੇ ਖੜ੍ਹੇ ਰਹਿਣਗੇ

ਜੀਂਦ-ਤਿੰਨ ਵਿਵਾਦਿਤ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਵੱਲੋਂ ਅੱਜ ਕੀਤੇ ਸ਼ਕਤੀ ਪ੍ਰਦਰਸ਼ਨ ਮੌਕੇ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕੰਡੇਲਾ ਪਿੰਡ ਵਿੱਚ ਜੁੜੀ ਮਹਾਪੰਚਾਇਤ ਨੂੰ ਸੰਬੋਧਨ ਕਰਦਿਆਂ ਮੋਦੀ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਉਸਨੇ ਨਵੇਂ ਖੇਤੀ ਕਾਨੂੰਨ ਰੱਦ ਨਾ ਕੀਤੇ ਤਾਂ ਉਸ ਲਈ ਸੱਤਾ ਵਿੱਚ ਰਹਿਣਾ ਔਖਾ ਹੋ ਜਾਵੇਗਾ। ਟਿਕੈਤ ਨੇ ਕਿਹਾ ਕਿ ਪੰਜਾਬ ਹਮੇਸ਼ਾ ਵੱਡੇ ਭਰਾ ਦੀ ਭੂਮਿਕਾ ਵਿੱਚ ਰਹੇਗਾ ਅਤੇ ਹਰਿਆਣਾ ਤੇ ਯੂਪੀ ਹਮੇਸ਼ਾ ਉਸ ਦੀ ਪਿੱਠ 'ਤੇ ਖੜ੍ਹੇ ਰਹਿਣਗੇ। ਕਿਸਾਨ ਆਗੂ ਨੇ ਕਿਹਾ ਕਿ ਉਹ ਕਿਸਾਨਾਂ ਦੀ ਪੱਗ ਦੇ ਮਾਣ ਨੂੰ ਕਾਇਮ ਰੱਖਣਗੇ। ਕਿਸਾਨ ਯੂਨੀਅਨਾਂ ਵਿੱਚ ਏਕੇ ਦਾ ਇਜ਼ਹਾਰ ਕਰਦਿਆਂ ਟਿਕੈਤ ਨੇ ਬੀਕੇਯੂ (ਰਾਜੇਵਾਲ) ਦੇ ਪ੍ਰਧਾਨ ਦਾ ਉਚੇਚੇ ਤੌਰ 'ਤੇ ਹਵਾਲਾ ਦਿੰਦਿਆਂ ਕਿਹਾ ਕਿ ਬਲਬੀਰ ਸਿੰਘ ਰਾਜੇਵਾਲ ਸਾਡੇ ਆਗੂ ਹਨ। ਮਹਾਪੰਚਾਇਤ ਵਿੱਚ ਮੌਜੂਦ ਆਗੂਆਂ ਨੇ ਇਸ ਮੌਕੇ ਸਰਬਸੰਮਤੀ ਨਾਲ ਪੰਜ ਮਤੇ ਵੀ ਪਾਸ ਕੀਤੇ, ਜਿਨ੍ਹਾਂ ਵਿੱਚ ਕਿਸਾਨਾਂ ਨਾਲ ਮੀਟਿੰਗ ਮੌਕੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਦੀ ਮੌਜੂਦਗੀ ਲਾਜ਼ਮੀ, ਤਿੰਨੋਂ ਕਾਨੂੰਨ ਰੱਦ ਕਰਨ, ਫ਼ਸਲਾਂ ਦੀ ਐੱਮਐੱਸਪੀ ਤੇ ਖਰੀਦ, ਸਵਾਮੀਨਾਥਨ ਰਿਪੋਰਟ ਲਾਗੂ ਕਰਨ ਤੇ ਕਿਸਾਨਾਂ ਖ਼ਿਲਾਫ਼ ਦਰਜ ਝੂਠੇ ਕੇਸ ਰੱਦ ਕਰਨ ਅਤੇ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਨੂੰ ਰਿਹਾਅ ਕਰਨਾ ਸ਼ਾਮਲ ਹਨ। ਮਹਾਪੰਚਾਇਤ ਵਿੱਚ ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਤੋਂ ਖਾਪ ਪੰਚਾਇਤਾਂ ਦੇ ਆਗੂ ਹਾਜ਼ਰ ਸਨ। ਇਸ ਦੌਰਾਨ ਮੰਚ ਤੇ ਜ਼ਿਆਦਾ ਭੀੜ ਕਰਕੇ ਸਟੇਜ ਟੁੱਟ ਗਈ, ਪਰ ਕਿਸਾਨ ਆਗੂਆਂ ਦੇ ਗੰਭੀਰ ਸੱਟ ਫੇਟ ਲੱਗਣ ਤੋਂ ਬਚਾਅ ਰਿਹਾ। ਮਹਾਪੰਚਾਇਤ ਵਿੱਚ ਬੀਕੇਯੂ ਹਰਿਆਣਾ ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਤੇ ਬੀਕੇਯੂ ਰਾਜੇਵਾਲ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਤੋਂ ਇਲਾਵਾ 50 ਤੋਂ ਵੱਧ 'ਖਾਪ ਆਗੂ ਮੌਜੂਦ ਸਨ। ਮਹਾਪੰਚਾਇਤ ਦਾ ਪ੍ਰਬੰਧ ਸਰਵ ਜਾਤੀ ਕੰਡੇਲਾ ਖਾਪ ਦੇ ਮੁਖੀ ਟੇਕਰਾਮ ਖੰਡੇਲਾ ਨੇ ਕੀਤਾ ਸੀ। ਬੀਕੇਯੂ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਮਹਾਪੰਚਾਇਤ ਨੂੰ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਕਿਸਾਨ ਅਜੇ ਸਿਰਫ਼ ਵਿਵਾਦਿਤ ਖੇਤੀ ਕਾਨੂੰਨਾਂ ਦੀ ਵਾਪਸੀ ਦੀ ਆਪਣੀ ਮੰਗ ਤੇ ਬਜ਼ਿੱਦ ਹਨ, ਪਰ ਜੇ ਉਹ ਕੇਂਦਰ ਦੀ ਮੋਦੀ ਸਰਕਾਰ ਨੂੰ ਲਾਂਭੇ ਕਰਨ ਲਈ ਅੜ ਗਏ ਤਾਂ ਕੀ ਹੋਵੇਗਾ? ਉਨ੍ਹਾਂ ਨਰਿੰਦਰ ਮੋਦੀ ਸਰਕਾਰ ਨੂੰ ਅਸਿੱਧੇ ਤੌਰ ਤੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਕਿਸਾਨ ਅੰਦੋਲਨ ਜਾਰੀ ਰਿਹਾ ਤਾਂ ਉਨ੍ਹਾਂ ਨੂੰ ਆਪਣੀ ਗੱਦੀ ਵੀ ਗੁਆਉਣੀ ਪੈ ਸਕਦੀ ਹੈ। ਉਨ੍ਹਾਂ ਕਿਹਾ, 'ਹੁਣ ਤੱਕ ਅਸੀਂ 'ਬਿੱਲ ਵਾਪਸੀ ਦੀ ਹੀ ਗੱਲ ਕੀਤੀ ਹੈ। ਸਰਕਾਰ ਕੰਨ ਖੋਲ੍ਹ ਕੇ ਸੁਣ ਲਏ ਕਿ ਜੇ ਨੌਜਵਾਨਾਂ ਨੇ (ਗੱਦੀ ਵਾਪਸੀ) ਸੱਦਾ ਦੇ ਦਿੱਤਾ ਤਾਂ ਫਿਰ ਕੀ ਬਣੇਗਾ? ਉਨ੍ਹਾਂ ਕਿਹਾ ਕਿ ਸਰਕਾਰ ਇਹ ਗੱਲ ਭਲੀਭਾਂਤ ਸਮਝ ਲਏ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨੀ ਸੰਘਰਸ਼ ਨੂੰ ਕਮਜ਼ੋਰ ਕਰਨ ਲਈ ਹਰ ਪੈਂਤੜਾ ਖੇਡ ਲਿਆ ਹੈ, ਪਰ ਕਿਸਾਨ ਪਿੱਛੇ ਹਟਣ ਵਾਲੇ ਨਹੀਂ ਹਨ। ਕਿਸਾਨਾਂ ਨੂੰ ਤਿੰਨੋਂ ਖੇਤੀ ਕਾਨੂੰਨਾਂ ਤੇ ਲੀਕ ਮਾਰਨ ਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਏਕੇ ਤੋਂ ਡਰ ਗਈ ਹੈ ਤੇ ਇਹੀ ਵਜ੍ਹਾ ਹੈ ਕਿ ਦਿੱਲੀ ਦੇ ਆਲੇ ਦੁਆਲੇ ਕਿਲੇਬੰਦੀ ਕੀਤੀ ਜਾ ਰਹੀ ਹੈ। ਉਨ੍ਹਾਂ ਸਾਫ਼



### ਪਿੰਡ ਕੰਡੇਲਾ ਮੁੜ ਬਣਿਆ ਕਿਸਾਨ ਅੰਦੋਲਨ ਦਾ ਕੇਂਦਰ

ਜੀਂਦ-ਸਾਲ 1993 ਤੋਂ 2005 ਤੱਕ ਪ੍ਰਦੇਸ਼ ਵਿੱਚ ਕਿਸਾਨ ਅੰਦੋਲਨਾਂ ਦਾ ਸਭ ਤੋਂ ਵੱਡਾ ਕੇਂਦਰ ਰਿਹਾ ਜੀਂਦ ਜ਼ਿਲ੍ਹੇ ਦਾ ਪਿੰਡ ਕੰਡੇਲਾ ਇੱਕ ਵਾਰ ਫਿਰ ਸੁਰਖੀਆਂ ਵਿੱਚ ਹੈ। ਦਿੱਲੀ ਦੇ ਗਾਜ਼ੀਪੁਰ ਬਾਰਡਰ ਉੱਤੇ ਖੇਤੀ ਕਾਨੂੰਨਾਂ ਖ਼ਿਲਾਫ਼ ਅੰਦੋਲਨ ਕਰ ਰਹੇ ਬੀਕੇਯੂ ਦੇ ਰਾਸ਼ਟਰੀ ਬੁਲਾਰੇ ਰਾਕੇਸ਼ ਟਿਕੈਤ ਦੀ ਗ੍ਰਿਫਤਾਰੀ ਦੇ ਵਿਰੋਧ ਵਿੱਚ ਹਰਿਆਣਾ ਵਿੱਚ ਸਭ ਤੋਂ ਪਹਿਲਾਂ ਕੰਡੇਲਾ ਪਿੰਡ ਵਿੱਚ ਲੋਕਾਂ ਨੇ ਜਾਮ ਲਗਾਇਆ ਸੀ। ਖੱਟਰ ਸਰਕਾਰ ਵੱਲੋਂ ਮੋਬਾਈਲ ਇੰਟਰਨੈੱਟ ਉੱਤੇ ਲਾਈ ਰੋਕ ਖ਼ਿਲਾਫ਼ ਵੀ ਹਰਿਆਣਾ ਵਿੱਚ ਸਭ ਤੋਂ ਪਹਿਲਾਂ ਕੰਡੇਲਾ ਦੇ ਲੋਕਾਂ ਨੇ ਹੀ ਜੀਂਦ-ਚੰਡੀਗੜ੍ਹ ਹਾਈਵੇਅ ਨੂੰ ਜਾਮ ਕੀਤਾ ਸੀ। ਕੰਡੇਲਾ ਪਿੰਡ ਦੀ ਧਰਤੀ ਉੱਤੇ ਹੋਈ ਅੱਜ ਦੀ ਮਹਾਪੰਚਾਇਤ ਨੇ ਕਿਸਾਨ ਅੰਦੋਲਨ ਵਿੱਚ ਨਵਾਂ ਜੋਸ਼ ਭਰ ਦਿੱਤਾ ਹੈ। ਇਸ ਤੋਂ ਪਹਿਲਾਂ ਵੀ ਕੰਡੇਲਾ ਦੀ ਖਾਪ ਪੰਚਾਇਤ ਵੱਲੋਂ ਕਈ ਇਤਿਹਾਸਕ ਫੈਸਲੇ ਕੀਤੇ ਗਏ ਹਨ।

### ਕਿਸਮਤ ਵਾਲਿਆਂ ਦੇ ਟੁੱਟਦੇ ਨੇ ਮੰਚ

ਜੀਂਦ-ਬੀਕੇਯੂ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਕਿ ਕਿਸਮਤ ਵਾਲਿਆਂ ਦੇ ਹੀ ਮੰਚ ਟੁੱਟਦੇ ਹਨ। ਮਹਾਪੰਚਾਇਤ ਲਈ ਜੀਂਦ ਦੇ ਪਿੰਡ ਕੰਡੇਲਾ ਪੁੱਜੇ ਟਿਕੈਤ ਨੇ ਮੰਚ ਤੋਂ ਸੰਬੋਧਨ ਕਰਨਾ ਸੀ, ਪਰ ਇਸ ਤੋਂ ਪਹਿਲਾਂ ਵਧੇਰੇ ਭੀੜ ਹੁਣ ਕਰਕੇ ਮੰਚ ਟੁੱਟ ਗਿਆ। ਮੰਚ ਟੁੱਟਦੇ ਹੀ ਟਿਕੈਤ ਤੇ ਚੜੂਨੀ ਹੇਠਾਂ ਆਣ ਡਿੱਗੇ। ਇਸ ਦੌਰਾਨ ਭਗਦੜ ਮਚ ਗਈ, ਪਰ ਥੋੜ੍ਹੀ ਦੇਰ ਬਾਅਦ ਟਿਕੈਤ ਮੰਚ ਤੇ ਆ ਗਏ।








ਕਰ ਦਿੱਤਾ ਕਿ ਕਿਸਾਨ ਡਰਨ ਵਾਲਾ ਨਹੀਂ ਹੈ। ਦਿੱਲੀ ਵਿੱਚ ਪੁਲੀਸ ਵੱਲੋਂ ਧਰਨੇ ਵਾਲੀਆਂ ਥਾਵਾਂ 'ਤੇ ਸੜਕਾਂ 'ਤੇ ਨੁਕੀਲੇ ਕਿੱਲ ਗੱਡਣ ਦੀ ਗੱਲ ਕਰਦਿਆਂ ਟਿਕੈਤ ਨੇ ਕਿਹਾ ਕਿ ਲੋੜ ਪਈ ਤਾਂ ਉਹ ਕਿੱਲਾਂ 'ਤੇ ਲੇਟ ਜਾਣਗੇ ਤਾਂ ਕਿ ਹੋਰ ਲੋਕ ਉਨ੍ਹਾਂ 'ਤੇ ਪੈਰ ਧਰ ਕੇ ਅੱਗੇ ਵਧ ਜਾਣ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ 'ਚ ਹਾਜ਼ਰੀ ਲਵਾਉਣ ਤੋਂ ਪਹਿਲਾਂ ਕਿਸਾਨ ਆਪਣੇ ਖੇਤ 'ਚ ਨੰਗੇ ਪੈਰ ਜਾਣ, ਉਸ ਨੂੰ ਮੱਥਾ ਟੇਕਣ ਤੇ ਆਪਣੇ ਮੱਥੇ 'ਤੇ ਮਿੱਟੀ ਲਾ ਕੇ ਅੰਦੋਲਨ ਵੱਲ ਰੁਖ਼ ਕਰਨ। ਟਿਕੈਤ ਟਰੈਕਟਰ ਚਲਾ ਕੇ ਖ਼ੁਦ ਮਹਾਪੰਚਾਇਤ ਵਾਲੀ ਥਾਂ ਪੁੱਜੇ।

ਬੀਕੇਯੂ ਹਰਿਆਣਾ ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਕੇਂਦਰੀ ਖੇਤੀ ਕਾਨੂੰਨ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਤਿਆਰ ਕੀਤੇ ਗਏ ਹਨ ਤੇ ਕਿਸਾਨੀ ਨੂੰ ਤਬਾਹ ਕਰ ਦੇਣਗੇ। ਦੇਸ਼ ਦਾ ਕਿਸਾਨ ਆਪਣੇ ਹੱਕਾਂ ਲਈ ਕੌਮੀ ਰਾਜਧਾਨੀ ਦੀਆਂ ਬਰੂਹਾਂ 'ਤੇ ਠੰਢੀਆਂ ਰਾਤਾਂ ਵਿੱਚ ਬੈਠਾ ਸੰਘਰਸ਼ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨੀ ਸੰਘਰਸ਼ ਦੌਰਾਨ ਹੁਣ ਤੱਕ 150 ਤੋਂ ਵੱਧ ਕਿਸਾਨ ਸ਼ਹੀਦ ਹੋ ਚੁੱਕੇ ਹਨ, ਪਰ ਕੇਂਦਰ ਸਰਕਾਰ ਕਿਸਾਨਾਂ ਦੀ ਗੱਲ ਸੁਣਨ ਦੀ ਥਾਂ ਉਨ੍ਹਾਂ ਨਾਲ ਅਣਮਨੁੱਖੀ ਵਿਹਾਰ ਕਰ ਰਹੀ ਹੈ। ਉਨ੍ਹਾਂ ਸਾਰਿਆਂ ਨੂੰ ਕਿਸਾਨੀ ਸੰਘਰਸ਼ ਦੀ ਹਮਾਇਤ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ



ਸਰਕਾਰ ਨੂੰ ਸੱਤਾ ਦੇ ਨਸ਼ੇ ਵਿੱਚ ਕੁਝ ਸੁਣਾਈ ਨਹੀਂ ਦੇ ਰਿਹਾ ਹੈ, ਪਰ ਦੇਸ਼ ਦੇ ਹਰ ਵਰਗ ਦੇ ਲੋਕ ਕੇਂਦਰ ਸਰਕਾਰ ਨੂੰ ਆਪਣੀ ਗੱਲ ਸੁਣਾ ਕੇ ਰਹਿਣਗੇ। ਉਨ੍ਹਾਂ 6 ਫਰਵਰੀ ਨੂੰ 'ਚੱਕਾ ਜਾਮ' ਦੀਆਂ ਤਿਆਰੀਆਂ ਲਈ ਵੀ ਪ੍ਰੇਰਿਆ। ਸ੍ਰੀ ਰਾਜੇਵਾਲ ਨੇ ਆਪਣੇ ਸੰਬੋਧਨ ਵਿੱਚ ਮੋਦੀ ਸਰਕਾਰ ਨੂੰ ਜੰਮ ਕੇ ਰਗੜੇ ਲਾਏ। ਉਨ੍ਹਾਂ ਦੋਸ਼ ਲਾਇਆ ਕਿ ਮੋਦੀ ਸਰਕਾਰ ਵੱਲੋਂ ਕਿਸਾਨਾਂ ਨਾਲ ਕੀਤਾ ਜਾ ਰਿਹਾ ਵਿਹਾਰ, ਕੁੱਲ ਆਲਮ ਵਿੱਚ ਕਿਤੇ ਹੋਰ ਵੇਖਣ ਨੂੰ ਨਹੀਂ ਮਿਲਦਾ। ਉਨ੍ਹਾਂ ਮਹਾਪੰਚਾਇਤ ਨੂੰ ਦੱਸਿਆ, 'ਕੇਂਦਰ ਵੱਲੋਂ ਲਿਆਂਦੇ ਖੇਤੀ ਕਾਨੂੰਨ ਕਿਸਾਨਾਂ ਤੇ ਇਸ ਦੇਸ਼ ਨੂੰ ਤਬਾਹ ਕਰ ਦੇਣਗੇ। ਅਸੀਂ ਕਈ ਮਹੀਨੇ ਪਹਿਲਾਂ ਪੰਜਾਬ ਤੋਂ ਇਸ ਅੰਦੋਲਨ ਦੀ ਸ਼ੁਰੂਆਤ ਕੀਤੀ ਸੀ, ਜੋ ਹੁਣ ਪੂਰੇ ਮੁਲਕ ਵਿੱਚ ਫੈਲ ਚੁੱਕਾ ਹੈ। ਰਾਜੇਵਾਲ ਨੇ ਦਿੱਲੀ ਵਿੱਚ ਧਰਨੇ ਵਾਲੀ ਥਾਂ 'ਤੇ ਨਵੇਂ ਪੁਲੀਸ ਬੈਰੀਕੇਡਾਂ ਦੀ ਗੱਲ ਕਰਦਿਆਂ ਕਿਹਾ ਕਿ ਸਰਕਾਰ ਨੇ ਇਨ੍ਹਾਂ ਥਾਵਾਂ ਨੂੰ 'ਖੁੱਲ੍ਹੀ ਜੇਲ੍ਹ' ਵਿੱਚ ਤਬਦੀਲ ਕਰ ਦਿੱਤਾ ਹੈ।

ਜੀਂਦ ਜ਼ਿਲ੍ਹੇ ਵਿੱਚ ਸਰਵ ਜਾਤੀ ਕੰਡੇਲਾ ਖਾਪ ਪੰਚਾਇਤ ਦੀ ਅਗਵਾਈ ਵਿੱਚ ਕੀਤੀ ਮਹਾਪੰਚਾਇਤ ਵਿੱਚ ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਤੋਂ ਕਿਸਾਨਾਂ ਨੇ ਹਿੱਸਾ ਲਿਆ। ਮਹਾਪੰਚਾਇਤ ਦੀ ਮੁੱਖ ਸਟੇਜ 'ਤੇ ਭੀੜ ਜ਼ਿਆਦਾ ਹੋਣ ਕਰਕੇ ਸਟੇਜ ਟੁੱਟ ਗਈ। ਹਾਲਾਂਕਿ ਇਸ ਦੌਰਾਨ ਕਿਸਾਨ ਆਗੂਆਂ ਦੇ ਗੰਭੀਰ ਸੱਟ ਫੇਟ ਲੱਗਣ ਤੋਂ ਬਚਾਅ ਰਿਹਾ। ਸਰਵ ਜਾਤੀ ਕੰਡੇਲਾ ਖਾਪ ਪੰਚਾਇਤ ਦੇ ਪ੍ਰਧਾਨ ਟੇਕਰਾਮ ਕੰਡੇਲਾ ਦੇ ਗੋਡੇ 'ਤੇ ਸੱਟ ਲੱਗੀ ਹੈ। ਮਹਾਪੰਚਾਇਤ ਵਿੱਚ ਹਾਜ਼ਰੀ ਲਵਾਉਣ ਤੋਂ ਪਹਿਲਾਂ ਰਾਕੇਸ਼ ਟਿਕੈਤ ਦਾ ਉਚਾਨਾ ਦੇ ਖਟਕੜ ਟੌਲ ਪਲਾਜ਼ੇ, ਜੁਲਾਨਾ ਵਿੱਚ ਪਹੁੰਚਣ ਉੱਤੇ ਨਿੱਘਾ ਸਵਾਗਤ ਕੀਤਾ ਗਿਆ।

## ਦੀਪ ਸਿੱਧੂ ਸਣੇ ਚਾਰ 'ਤੇ ਇੱਕ-ਇੱਕ ਲੱਖ ਰੁਪਏ ਦਾ ਇਨਾਮ ਐਲਾਨਿਆ

ਨਵੀਂ ਦਿੱਲੀ-ਗਣਤੰਤਰ ਦਿਵਸ 'ਤੇ ਕਿਸਾਨ ਟਰੈਕਟਰ ਪਰੇਡ ਦੌਰਾਨ ਲਾਲ ਕਿਲ੍ਹੇ ਵਿੱਚ ਵਾਪਰੀ ਘਟਨਾ ਦੇ ਮਾਮਲੇ ਵਿੱਚ ਦਿੱਲੀ ਪੁਲੀਸ ਵੱਲੋਂ ਗਾਇਕ ਦੀਪ ਸਿੱਧੂ, ਜੁਗਰਾਜ ਸਿੰਘ ਤੇ ਦੋ ਹੋਰਨਾਂ ਦੀ ਜਾਣਕਾਰੀ ਦੇਣ ਵਾਲੇ ਲਈ ਇੱਕ-ਇੱਕ ਲੱਖ ਰੁਪਏ ਦਾ ਇਨਾਮ ਐਲਾਨਿਆ ਗਿਆ। ਪੁਲੀਸ ਨੇ ਕਿਹਾ ਕਿ ਪ੍ਰਦਰਸ਼ਨਕਾਰੀਆਂ ਨੂੰ ਕਥਿਤ ਉਕਸਾਉਣ ਵਾਲੇ ਜੱਜਬੀਰ ਸਿੰਘ, ਬੂਟਾ ਸਿੰਘ, ਸੁਖਦੇਵ ਸਿੰਘ ਤੇ ਇਕਬਾਲ ਸਿੰਘ ਦੀ ਸੂਹ ਦੇਣ ਵਾਲੇ ਲਈ 50-50 ਹਜ਼ਾਰ ਰੁਪਏ ਦਾ ਇਨਾਮ ਐਲਾਨਿਆ ਗਿਆ ਹੈ। ਪੁਲੀਸ ਨੇ ਦੱਸਿਆ ਕਿ ਦੀਪ ਸਿੱਧੂ, ਜੁਗਰਾਜ ਸਿੰਘ, ਗੁਰਜੋਤ ਸਿੰਘ ਤੇ ਗੁਰਜੰਟ ਸਿੰਘ 'ਤੇ ਇੱਕ-ਇੱਕ ਲੱਖ ਰੁਪਏ ਦਾ ਇਨਾਮ ਐਲਾਨਿਆ ਗਿਆ ਹੈ। ਉਨ੍ਹਾਂ ਦੀ ਪਛਾਣ ਸੀਸੀਟੀਵੀ ਕੈਮਰਿਆਂ ਤੇ ਵੀਡੀ? ਕਲਿੱਪਾਂ ਰਾਹੀਂ ਕੀਤੀ ਗਈ। ਪੁਲੀਸ ਮੁਤਾਬਕ ਹੁਣ ਦੀਪ ਸਿੱਧੂ ਤੇ ਹੋਰਨਾਂ ਦੀ ਤਲਾਸ਼ ਤੇਜ਼ੀ ਨਾਲ ਕੀਤੀ ਜਾ ਰਹੀ ਹੈ। ਦਿੱਲੀ ਪੁਲੀਸ ਨੇ ਇਸ ਸਬੰਧ 'ਚ 44 ਕੇਸ ਦਰਜ ਕਰਕੇ ਕਿਸਾਨ ਯੂਨੀਅਨਾਂ ਦੇ ਕੁੱਝ ਆਗੂਆਂ ਸਮੇਤ ਕਈ ਹੋਰ ਲੋਕਾਂ ਨੂੰ ਨਾਮਜ਼ਦ ਕੀਤਾ ਹੈ। ਜ਼ਿਕਰਯੋਗ ਹੈ ਕਿ ਲਾਲ ਕਿਲ੍ਹੇ ਦੀ ਘਟਨਾ ਮਗਰੋਂ ਦੀਪ ਸਿੱਧੂ ਦਾ ਵੀਡੀਓ ਸਾਹਮਣੇ ਆਇਆ ਸੀ ਜਿਸ ਵਿੱਚ ਉਹ ਲਾਲ ਕਿਲ੍ਹੇ ਦੀ ਫਸੀਲ ਉਪਰੋਂ 'ਲਾਈਵ' ਹੋਇਆ ਸੀ।








# ਸ਼ੂਗਰ, ਦਿਲ ਦਾ ਦੌਰਾ ਤੇ ਕੈਂਸਰ ਦਾ ਜਨਮਦਾਤਾ ਹੈ ਮੋਟਾਪਾ

ਪਿਛਲੇ ਤਿੰਨ ਦਹਾਕਿਆਂ ਵਿਚ ਪੱਛਮੀ ਸੱਭਿਅਤਾ ਦਾ ਪ੍ਰਭਾਵ ਵਧਿਆ ਹੈ, ਖ਼ਾਸ ਤੌਰ 'ਤੇ ਸ਼ਹਿਰੀ ਇਲਾਕਿਆਂ ਵਿਚ। ਇਥੇ ਵੀ ਸਧਾਰਨ ਮਿੱਠੇ ਦੇ ਨਾਲ ਹੀ ਸਾਡੀ ਨੌਜਵਾਨ ਪੀੜ੍ਹੀ ਉਨ੍ਹਾਂ ਪੀਣ ਵਾਲੇ ਪਦਾਰਥਾਂ ਦੀ ਆਦੀ ਹੋ ਗਈ ਹੈ, ਜਿਸ ਰਾਹੀਂ ਨਿਯਮਿਤ ਰੂਪ ਨਾਲ ਵਾਧੂ ਮਿੱਠਾ ਸਰੀਰ ਵਿਚ ਜਾ ਰਿਹਾ ਹੈ। ਇਹ ਸੱਚ ਹੈ ਕਿ ਭਾਰਤ ਖੰਡ ਦੀ ਵਰਤੋਂ ਦੇ ਮਾਮਲੇ ਵਿਚ ਵਿਸ਼ਵ ਦਾ ਮੋਹਰੀ ਹੈ। ਖੰਡ ਦੇ ਜ਼ਿਆਦਾ ਸੇਵਨ ਦੇ ਕਾਰਨ ਹੀ ਮੋਟਾਪਾ ਵਧ ਰਿਹਾ ਹੈ ਜੋ ਸ਼ੂਗਰ ਅਤੇ ਦਿਲ ਸਬੰਧੀ ਬਿਮਾਰੀਆਂ ਦਾ ਜਨਮਦਾਤਾ ਹੈ। ਇਸ ਤਰ੍ਹਾਂ ਮਿਲਦੀ ਹੈ ਊਰਜਾ : (1) ਹੋਰ ਖਾਧ ਪਦਾਰਥਾਂ ਅਤੇ ਖੰਡ ਤੋਂ ਮਿਲਣ ਵਾਲੇ ਕਾਰਬੋਹਾਈਡ੍ਰੇਟ ਨੂੰ ਪੇਟ ਗੁਲੂਕੋਜ਼ ਵਿਚ ਬਦਲ ਦਿੰਦਾ ਹੈ। (2) ਗੁਲੂਕੋਜ਼ ਖ਼ੂਨ ਸੰਚਾਰ ਵਿਚ ਘੁਲਣ ਲਗਦਾ ਹੈ। (3) ਸਰੀਰ ਇੰਸੂਲਿਨ ਦਾ ਨਿਰਮਾਣ ਕਰਦਾ ਹੈ ਜੋ ਗੁਲੂਕੋਜ਼ ਸਰੀਰ ਵਿਚ ਪ੍ਰਵਾਹਿਤ ਕਰਦਾ ਹੈ। (5) ਜੇਕਰ ਇੰਸੂਲਿਨ ਦੀ ਮਾਤਰਾ ਸਹੀ ਰੂਪ ਨਾਲ ਨਹੀਂ ਹੋ ਰਹੀ ਤਾਂ ਖ਼ੂਨ ਵਿਚ ਗੁਲੂਕੋਜ਼ ਦੀ ਮਾਤਰਾ ਵਧ ਜਾਂਦੀ ਹੈ ਜੋ ਸ਼ੂਗਰ ਦਾ ਕਾਰਨ ਬਣਦੀ ਹੈ।

ਲਿਵਰ ਵਿਚ ਜਮ੍ਹਾਂ ਹੁੰਦਾ ਹੈ ਗੁਲੂਕੋਜ਼ : ਕਾਰਬੋਹਾਈਡ੍ਰੇਟ ਦੇ ਰੂਪ ਵਿਚ ਲਿਆ ਗਿਆ ਗੁਲੂਕੋਜ਼ ਲਿਵਰ ਤੱਕ ਪਹੁੰਚਦਾ ਹੈ ਅਤੇ ਗਲਾਈਕੋਜ਼ਨ ਦੇ ਰੂਪ ਵਿਚ ਉਥੇ ਜਮ੍ਹਾਂ ਹੋ ਜਾਂਦਾ ਹੈ। ਜਦੋਂ ਖ਼ੂਨ ਵਿਚ ਗੁਲੂਕੋਜ਼ ਦੀ ਕਮੀ ਹੋਣ ਲੱਗਦੀ ਹੈ ਤਾਂ ਲਿਵਰ ਆਪਣੇ ਕੋਲ ਜਮ੍ਹਾਂ ਗੁਲੂਕੋਜ਼ ਨੂੰ ਰਿਲੀਜ਼ ਕਰਨ ਲਗਦਾ ਹੈ। ਇਕ ਸਿਹਤਮੰਦ ਵਿਅਕਤੀ ਲਈ ਲਿਵਰ ਵਿਚ 100 ਗ੍ਰਾਮ ਗਲਾਈਕੋਜ਼ਨ ਜਮ੍ਹਾਂ ਹੁੰਦਾ ਹੈ ਜੋ ਸਧਾਰਨ ਵਿਅਕਤੀ ਨੂੰ 24 ਘੰਟੇ ਤੱਕ ਊਰਜਾ ਦੇਣ ਲਈ ਸਹੀ ਹੈ।

ਸਰੀਰ ਵਿਚ ਕਾਰਬੋਹਾਈਡ੍ਰੇਟ ਦੀ ਪੂਰਤੀ ਲਈ ਖੰਡ ਦਾ ਸੇਵਨ ਜ਼ਰੂਰੀ ਹੈ ਪਰ ਇਸ ਦਾ ਜ਼ਿਆਦਾ ਸੇਵਨ ਸਰੀਰ 'ਤੇ ਉਲਟ ਅਸਰ ਪਾ ਸਕਦਾ ਹੈ। ਜੇਕਰ ਸਰੀਰ ਵਿਚ ਕਾਰਬੋਹਾਈਟ੍ਰੇਡ ਦੀ ਕਮੀ ਹੋਵੇਗੀ ਤਾਂ ਊਰਜਾ ਲਈ ਪ੍ਰੋਟੀਨ (ਐਮੀਨੋ ਐਸਿਡ) ਅਤੇ ਚਰਬੀ (ਫੈਟੀ ਐਸਿਡ) 'ਤੇ ਬੁਰਾ ਪ੍ਰਭਾਵ ਪਵੇਗਾ। ਇਸ ਵਜ੍ਹਾ ਨਾਲ ਕਾਰਬੋਹਾਈਡ੍ਰੇਟ ਦੀ ਪੂਰਤੀ ਲਈ ਖੰਡ ਦਾ ਸੰਕੋਚ ਨਾਲ ਸੇਵਨ ਕਰਨਾ ਚਾਹੀਦਾ ਹੈ ਪਰ ਇਸ ਦਾ ਜ਼ਿਆਦਾ ਸੇਵਨ ਕਈ ਤਰ੍ਹਾਂ ਦੀਆਂ ਰੁਕਾਵਟਾਂ ਦਾ ਕਾਰਨ ਬਣ ਸਕਦਾ ਹੈ। ਇਸ ਨਾਲ ਮੋਟਾਪਾ ਵਧ ਸਕਦਾ ਹੈ ਅਤੇ ਜਿਨ੍ਹਾਂ ਲੋਕਾਂ ਦੇ ਸਰੀਰ ਵਿਚ ਇੰਸੂਲਿਨ ਹਾਰਮੋਨ ਵਿਚ ਸਮੱਸਿਆਵਾਂ ਹਨ, ਉਨ੍ਹਾਂ ਵਿਚ ਇਹ ਸ਼ੂਗਰ ਦੀ ਸਮੱਸਿਆ ਪੈਦਾ ਕਰ ਸਕਦਾ ਹੈ। ਜ਼ਿਆਦਾ ਸੇਵਨ ਕਿਸੇ ਵੀ ਚੀਜ਼ ਦਾ ਬੁਰਾ ਹੈ। ਸਰੀਰ ਨੂੰ ਪ੍ਰੋਟੀਨ, ਚਰਬੀ, ਕਾਰਬੋਹਾਈਡ੍ਰੇਟ ਵਰਗੀਆਂ ਸਾਰੀਆਂ ਜ਼ਰੂਰੀ ਚੀਜ਼ਾਂ ਚਾਹੀਦੀਆਂ ਹਨ। ਸਿਰਫ਼ ਨਿਰਧਾਰਿਤ ਕੈਲੋਰੀ ਦੀ ਜ਼ਰੂਰਤ ਦੀ ਪੂਰਤੀ ਕਰਨਾ ਹੀ ਜ਼ਰੂਰੀ ਨਹੀਂ ਹੈ। ਭੋਜਨ ਬਦਲਵਾਂ ਵਾਲਾ ਹੋਣਾ ਚਾਹੀਦਾ। ਕਾਰਬੋਹਾਈਡ੍ਰੇਟ ਦੀ ਜ਼ਰੂਰਤ ਵਿਅਕਤੀ ਦੀ ਉਮਰ, ਸਰੀਰਕ ਸਥਿਤੀ ਅਤੇ ਪੈਰਾਂ 'ਤੇ ਨਿਰਭਰ ਕਰਦੀ ਹੈ। ਖਿਡਾਰੀਆਂ ਤੇ ਸਰੀਰਕ ਮਿਹਨਤ ਕਰਨ ਵਾਲੇ ਲੋਕਾਂ ਨੂੰ ਕੁਰਸੀ 'ਤੇ ਬੈਠ ਕੇ ਕੰਮ ਕਰਨ ਵਾਲਿਆਂ ਤੋਂ ਜ਼ਿਆਦਾ ਕਾਰਬੋਹਾਈਡ੍ਰੇਟ ਦੀ ਜ਼ਰੂਰਤ ਹੋਵੇਗੀ। ਇਹ ਸਾਈਕਲੋਜੀਕਲ ਪਹਿਲੂ ਹੈ ਕਿ ਥਕਾਨ ਮਹਿਸੂਸ ਹੁੰਦੇ ਹੀ ਗੁਲੂਕੋਜ਼ ਜਾਂ ਖੰਡ ਯੁਕਤ ਪੀਣ ਵਾਲੇ ਪਦਾਰਥ ਲੈਣ 'ਤੇ ਝੱਟ ਤਾਕਤ ਮਿਲਦੀ ਹੈ। ਭੁੱਖ ਲੱਗਣ 'ਤੇ ਜਿਸ ਤਰ੍ਹਾਂ ਨਾਲ ਭੋਜਨ ਕਰਦੇ ਹੀ ਦਿਮਾਗ ਨੂੰ ਤਰੋਤਾਜ਼ਾ ਮਹਿਸੂਸ ਹੁੰਦਾ ਹੈ, ਉਸੇ ਤਰ੍ਹਾਂ ਥਕਾਨ ਸਮੇਂ ਗੁਲੂਕੋਜ਼ ਲੈਣ 'ਤੇ ਦਿਮਾਗ ਨੂੰ ਤਾਜ਼ਗੀ ਮਹਿਸੂਸ ਹੁੰਦੀ ਹੈ। ਊਰਜਾ ਮਿਲਣ ਦੀ ਪ੍ਰਕਿਰਿਆ ਕੁਝ ਦੇਰ ਬਾਅਦ ਸ਼ੁਰੂ ਹੁੰਦੀ ਹੈ। ਗੁਲੂਕੋਜ਼ ਲਿਵਰ ਵਿਚ ਜਮ੍ਹਾਂ ਹੁੰਦਾ ਹੈ ਅੰਤ ਇਸ ਤੋਂ ਬਾਅਦ ਖ਼ੂਨ ਰਾਹੀਂ ਸੰਚਾਰ ਕਰਕੇ ਉਹ ਸਾਰੀਆਂ ਕੋਸ਼ਿਕਾਵਾਂ ਤੱਕ ਪਹੁੰਚਾਉਂਦਾ ਹੈ। ਸਰੀਰ ਨਿਸਚਿਤ ਮਾਤਰਾ ਤੱਕ ਹੀ ਸ਼ੂਗਰ ਨੂੰ ਹਜ਼ਮ ਕਰਨ ਦੀ ਤਾਕਤ ਰੱਖਦਾ ਹੈ ਪਰ ਜਦੋਂ ਅਸੀਂ ਇਸ ਦੀ ਵਰਤੋਂ ਜ਼ਿਆਦਾ ਕਰਨ ਲੱਗਦੇ ਹਾਂ ਤਾਂ ਇਹ ਸਰੀਰ ਵਿਚ ਇਕੱਠਾ ਹੋਣਾ ਸ਼ੁਰੂ ਹੋ ਜਾਂਦਾ ਹੈ। ਰਸਾਇਣਕ ਬਦਲਾਅ ਤੋਂ ਬਾਅਦ ਇਹ ਸਧਾਰਨ ਸ਼ੂਗਰ ਮੋਟਾਪੇ ਵਿਚ ਬਦਲ ਜਾਂਦੀ ਹੈ। ਜੇਕਰ ਇਹ ਮੋਟਾਪਾ ਇਸੇ ਤਰ੍ਹਾਂ ਸਰੀਰ ਵਿਚ ਵਧਦਾ ਰਹੇ ਤਾਂ ਮੈਟਾਬਾਲਿਜ਼ਮ ਨਾਲ ਹੋਣ ਵਾਲੇ ਰੋਗ ਹੋਣ ਲਗਦੇ ਹਨ। ਖਾਣ-ਪੀਣ ਦੀਆਂ ਆਦਤਾਂ ਵਿਚ ਬਦਲਾਅ ਨਾਲ ਮੈਟਾਬਾਲਿਜ਼ਮ ਦੀ ਪ੍ਰਕਿਰਿਆ 'ਤੇ ਬੁਰਾ ਅਸਰ ਪੈਂਦਾ ਹੈ ਅਤੇ ਇਸ ਨਾਲ ਬਲੱਡ ਸ਼ੂਗਰ ਅਤੇ ਕੋਲੇਸਟ੍ਰੋਲ ਦੀ ਸਥਿਤੀ ਵਿਗੜਦੀ ਹੈ। ਇਸ ਕਾਰਨ ਉੱਚ ਖ਼ੂਨ ਦਬਾਅ, ਸ਼ੂਗਰ ਜਾਂ ਕੈਂਸਰ ਵਰਗੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ ਅਤੇ ਭਵਿੱਖ ਵਿਚ ਦਿਲ ਦੇ ਰੋਗ ਦਾ ਖ਼ਤਰਾ ਵਧ ਰਿਹਾ ਹੈ। ਅਖੀਰ ਇਸ ਲਈ ਸਾਵਧਾਨ ਰਹੋ।

## ਕਾਵਿ-ਗੁਲਜ਼ਾਰ

ਪੇਸ਼ਕਰਤਾ-ਹਰਦਮ ਸਿੰਘ ਮਾਨ



# ਛਿੰਦਰ ਕੌਰ 'ਸਿਰਸਾ'



ਛਿੰਦਰ ਕੌਰ 'ਸਿਰਸਾ' ਪੰਜਾਬੀ ਕਾਵਿ-ਖੇਤਰ ਵਿਚ ਪਰਪੱਕਤਾ ਵੱਲ ਵਧ ਰਹੀ ਕਵਿੱਤਰੀ ਹੈ।। ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਬਟਾਲਵੀ ,ਪਾਸ਼ ਨੂੰ ਉਸ ਨੇ ਖ਼ੂਬ ਪੜ੍ਹਿਆ ਅਤੇ ਮਾਣਿਆਂ ਹੈ। ਕਵਿਤਾ ਉਸ ਨੇ ਕਾਲਜ ਵਿਚ ਪੜ੍ਹਦਿਆਂ ਹੀ ਲਿਖਣੀ ਸ਼ੁਰੂ ਕਰ ਦਿੱਤੀ ਸੀ। ਉਹ ਰੇਡੀਓ ਅਨਾਊਂਸਰ ਵੀ ਹੈ। ਉਸ ਦੀ ਕਵਿਤਾ ਦੀ ਪੁਸਤਕ "ਖਿਆਲ ਉਡਾਰੀ" ਛਪ ਚੁੱਕੀ ਹੈ ਅਤੇ 2017 ਵਿਚ ਦੂਜੀ ਪੁਸਤਕ "ਕਨੇਡਾ ਦੇ ਸੁਪਨਮਈ ਦਿਨ" ਪ੍ਰਕਾਸ਼ਿਤ ਹੋਈ ਜੋ ਵਾਰਤਕ ਤੇ ਕਵਿਤਾ ਦਾ ਸੁਮੇਲ ਹੈ। ਉਸ ਦੀ ਕਵਿਤਾ ਵਿਚ ਆਪਣੇ ਪਿਆਰੇ ਨੂੰ ਮਿਲਣ ਦੀ ਬਿਹਬਲ ਤਾਂਘ ਹੈ, ਤੜਪ ਹੈ, ਬਿਰਹਾ ਹੈ, ਵਿਛੋੜੇ ਦੀ ਹੂਕ ਹੈ, ਔਰਤ ਦਾ ਦਰਦ ਹੈ ਅਤੇ ਸਮਾਜ ਦੀਆਂ ਚੋਭਾਂ ਹਨ। ਸਮਾਜ ਵਿਚ ਫੈਲੀਆਂ ਕੁਰੀਤੀਆਂ ਦਾ ਪਰਦਾਫਾਸ਼ ਕਰਨ ਦੀ ਸੋਚ ਲੈ ਕੇ ਉਹ ਪੰਜਾਬੀ ਕਵਿਤਾ ਵਿਚ ਨਵੀਆਂ ਪੁਲਾਘਾਂ ਪੁੱਟ ਰਹੀ ਹੈ। ਇੱਥੇ ਪੇਸ਼ ਹਨ ਉਸ ਦੀਆਂ ਕੁਝ ਕਾਵਿ ਰਚਨਾਵਾਂ-

### ਜੋਗੜੇ ਵੇਸ

ਸਾਡੇ ਵਾਸ ਉਜਾੜਾਂ ਦੇ ਦੇਸ਼
ਸਾਡੇ ਨਾਲ ਵੱਸਣ ਦਰਦ ਦਰਵੇਸ
ਮੱਟ ਇਤਰਾਂ ਦੇ ਨਾ ਕਾਲੜੇ ਕੇਸ
ਸੱਜਣ ਅਸੀਂ ਜੋਗੜੇ ਵੇਸ

ਜੱਗ ਖਿਡੌਣਾ ਅੱਗ ਖੇਡੇ ਮਨ ਬੈਰਾਗੀ
ਰਾਤਾਂ ਰੂਪ ਸੁਰਾਹੀ ਨਾ ਤਾਰੇ ਤੈਰਾਕੀ
ਜਿੰਦ ਦੁੱਖਾਂ ਭਰੀ ਇਕ ਬੱਦਲੀ ਬਰਸੇ ਕਿਹੜੇ ਦੇਸ
ਸੱਜਣ ਅਸੀਂ ਜੋਗੜੇ ਵੇਸ

ਔਰਤ ਤੇ ਧਰਤੀ ਦੇ ਅਜੇ ਨਾ ਸੰਸੇ ਮੁੱਕੇ
ਅਜੇ ਨਾ ਬਉੜੇ ਪੀੜਾਂ ਹਰਣ ਜੋ ਰੁੱਕੇ
ਸਾਡੇ ਰੁੱਸੇ ਪੰਜੇ ਪੀਰ ਸੌਂ ਗਏ ਤਾਣ ਕੇ ਖੇਸ
ਸੱਜਣ ਅਸੀਂ ਜੋਗੜੇ ਵੇਸ

ਕਿੰਨੀ ਕਰੁਣਾ ਕਿੰਨੇ ਸੰਦੇਸ਼
ਕੰਡੇ ਬਣ ਰਾਹੀਂ ਵਿੱਛੇ ਪੁਸ਼ਪਾਂ ਵਟਾਏ ਵੇਸ
ਝੌਂਕੇ ਪਵਨ ਸੁਗੰਧੀਆਂ ਕਰਨ ਦਵੇਸ
ਸੱਜਣ ਅਸੀਂ ਜੋਗੜੇ ਵੇਸ

### ਰੁੱਤਾਂ ਦੀ ਦਾਈ

ਰੀਝਾਂ ਨੂੰ ਮਣਸ ਕੇ ਤੇ ਬੁੱਲ੍ਹ ਲਏ ਅਸਾਂ ਸੀੜ ਵੇ
ਮੱਠੀ-ਮੱਠੀ ਛੋਹੰਦੀਆਂ ਕਲੇਜੜੇ ਚੋਂ ਪੀੜ ਵੇ
ਕਿਸਮਤ ਕੁਖੋਂ ਜੰਮੀਆਂ ਕੁਝ ਸਤਮਾਹੀ ਹਸਰਤਾਂ
ਰੁੱਤਾਂ ਦੀ ਦਾਈ ਦੇ ਗਈ ਗੁੜ੍ਹਤੀ ਵਿਚ ਵੀ ਪੀੜ ਵੇ

ਜਿਸ ਰੁੱਤੇ ਅਸਾਂ ਕੀਤੀ ਮੰਗ ਗੁਲਾਬਾਂ ਦੀ
ਤੇਰੇ ਤੱਕ ਨਾ ਅਪੜੀ ਚੰਨਾ ਹੂਕ ਕੁਆਰੇ ਖੁਆਬਾਂ ਦੀ
ਕਰ ਗਏ ਜੋਗਣ ਖਿਆਲ ਤੇਰੇ ਰੂਹ ਹੋ ਗਈ ਫ਼ਕੀਰ ਵੇ
ਰੁੱਤਾਂ ਦੀ ਦਾਈ ਦੇ ਗਈ ਗੁੜ੍ਹਤੀ ਵਿਚ ਵੀ ਪੀੜ ਵੇ

ਪੱਲ ਸੁਨਹਿਰੀ ਸੁੰਨੇ , ਬਰਫਾਂ ਹੋਏ ਰੰਗ ਵਸਲ ਦੇ
ਤੇਹ ਤੈਨੂੰ ਤੱਕਣ ਦੀ ਸਾਡੇ ਦੀਦੇ ਗਈ ਮਸਲ ਕੇ
ਸਿਵਿਆਂ ਨੂੰ ਅਸਾਂ ਮੂੰਹ ਕਰ ਲੈਣਾ ਮੁਕਾਂ ਜੱਗ ਉਤੋਂ ਸੀਰ ਵੇ
ਰੁੱਤਾਂ ਦੀ ਦਾਈ ਦੇ ਗਈ ਗੁੜ੍ਹਤੀ ਵਿਚ ਵੀ ਪੀੜ ਵੇ

ਲੇਖਾਂ ਦਾ ਭਾਂਡਾਂ ਮੂਧਾ ਵੱਜਾ ਮੂੰਹ ਮੋੜ ਗਈ ਤਕਦੀਰ ਵੇ
ਕਿਸੇ ਨਾ ਪਾਸਾ ਥੁੱਲਿਆ ਸੜ ਗਈ ਆਪ ਅਖੀਰ ਵੇ
ਸੁੱਕੀ ਵੇਲ ਮੁਹਬੱਤ ਵਾਲੀ ਇਸ਼ਕ ਅਰਘ ਤੋਂ ਸੱਖਣੀ
ਰੁੱਤਾਂ ਦੀ ਦਾਈ ਦੇ ਗਈ ਗੁੜ੍ਹਤੀ ਵਿਚ ਵੀ ਪੀੜ ਵੇ

### ਸਾਹੇ

ਕੀਕਣ ਢੁੱਕੀਆਂ ਵਿਹੜੇ
ਸਿਹਰਿਆਂ ਸੰਗ
ਬੰਨ੍ਹ-ਬੰਨ੍ਹ ਝੇੜੇ
ਪੀੜਾਂ ਦੇ ਕਿਸ
ਸਾਹੇ ਬੱਧੇ
ਆਉ ਸਈਓ
ਪਤਾ ਕਰਾਈਏ
ਢੁੱਕੀਆਂ ਕਿਸਦੇ ਸੱਦੇ।

### ਉਡੀਕ

ਨਾ ਕਬੂਤਰਾਂ ਨੂੰ
ਮੇਰੇ ਘਰ ਦੇ ਨਕਸ਼
ਯਾਦ ਸਨ
ਨਾ ਡਾਕੀਆਂ ਨੂੰ
ਮੇਰੇ ਸਿਰਨਾਵੇਂ
ਇੱਕ ਖ਼ਤ ਦੀ ਉਡੀਕ
ਉਦੋਂ ਵੀ ਸੀ
ਇੱਕ ਖ਼ਤ ਦੀ ਉਡੀਕ
ਅੱਜ ਵੀ ਹੈ।

### ਗੱਲਾਂ

ਅਜੇ ਤੇ ਆਪਣੇ ਦਿਲ ਨੂੰ
ਦੱਸਦੀ ਹੁੰਨੀ ਹਾਂ
ਮੈਂ ਤੇਰੇ ਆਉਣ
ਦੀਆਂ ਗੱਲਾਂ
ਇੰਨੇ 'ਚ ਤੂੰ ਛੇੜ ਲੈਨਾਂ ਐ
ਦੁੱਖ ਦੇਣੀਆਂ
ਪਰਤ ਜਾਨ ਦੀਆਂ ਗੱਲਾਂ

### ਅਨਮਤੀਆਂ

ਖੌਰੇ ਕਿੱਧਰੋਂ ਆਈਆਂ ਪੀੜਨ
ਇਹ ਪੀੜਾਂ
ਊਸ਼ਾ ਵੀ ਉਦਾਸ
ਨਿਸ਼ਾ ਵੀ ਉਦਾਸ
ਕਰ ਗਈਆਂ
ਤਨ ਦੇ ਨਾਲ ਨਾਲ
ਮਨ ਵੀ ਭੰਨ ਗਈਆਂ
ਖੌਰੇ ਇਹਨਾਂ ਪੌਣਾਂ ਨੂੰ
ਕਿਹੜੀਆਂ ਅੱਪਤੀਆਂ ਨੇ
ਜੋ ਬੇਜਾਨ ਹੋ ਗਈਆਂ
ਜੰਮ ਗਈਆਂ
ਚੱਲਣੋਂ ਥੰਮ ਗਈਆਂ।

### ਮਿੱਟੀ ਦਾ ਬਾਵਾ

ਤੂੰ ਹੋਰ ਤਿੱਖਾ ਕਰ
ਆਪਣੀ ਕਲਮ ਦੀ
ਧਾਰ ਨੂੰ
ਮੈਂ ਵੀ ਧੱਕੀ ਜਾਵਾਂ
ਆਪਣੇ ਸੁੰਗੜੇ
ਜਿਹੇ ਕਿਰਦਾਰ ਨੂੰ
ਤੇਰੇ ਵੱਲੋਂ ਆਸ ਨਿਰਾਸ਼ ਰਹੀ



ਮਿੱਟੀ ਦੇ ਬਾਵੇ ਨੂੰ ਦਿਲ ਦੇ ਕੇ
ਪਾਇਆ ਗਲ ਹਾਰ ਨੂੰ
ਪੀਲੇ ਭੂਕ ਚਿਹਰੇ ਨਾ ਤੱਕਦਾ
ਜੋ ਚਾਹੇ ਗੁਲਜ਼ਾਰ ਨੂੰ।

### ਸੱਚ ਨੂੰ ਸਲਾਮ

ਪੀਰਾਂ, ਫ਼ਕੀਰਾਂ ਦੀਆਂ ਦਰਗਾਵ੍ਹਾਂ 'ਤੇ
ਦੁਆਵਾਂ ਪੜ੍ਹਦੀ ਰਵ੍ਹਾਂਗੀ
ਲੱਥ ਜਾਣਗੇ ਸਿਰੋਂ ਹਿਜਰ ਦੇ ਸਾਏ,
ਮੰਨਤਾਂ ਮੰਗਦੀ ਰਵ੍ਹਾਗੀ

ਤੈਨੂੰ ਛੂਹਕੇ ਆਈਆਂ ਹਵਾਵਾਂ
ਜਦ ਮੇਰੀ ਗਲੀਏ ਵੜਣਗੀਆਂ
ਉਹਨਾਂ ਹਵਾਵਾਂ ਦੇ ਮੱਥੇ ਤੇਰੇ ਨਾਂਉਂ ਦਾ
ਚੁੰਮਣ ਧਰਦੀ ਰਵ੍ਹਾਂਗੀ ।

ਜਦੋਂ-2ਵੀ ਬਿਰਹੋਂ ਨੂੰ ਹਿਚਕੀ ਆਈ
ਸਹਿਜ ਕਲਮਕਾਰ ਵਾਂਗ
ਤੈਨੂੰ ਅਸੀਸ ਦੇ ਕੇ ਆਪਣਾ ਹਾਲ
ਚਿੱਠੀ ਰਾਹੀਂ ਘੱਲਦੀ ਰਵ੍ਹਾਗੀ।

ਸ਼ਾਲਾ ਨ ਧਰਤੀਉਂ ਛਾਵਾਂ ਮੁੱਕਣ,
ਤੇ ਨਾ ਅੰਬਰੋਂ ਮੁੱਕਣ ਨੀਰ ਕਦੇ
ਤੇਰੀ ਬਾਗੀ ਹੋਈ ਪਿਆਸ 'ਤੇ
ਬਾਗੀ ਬੱਦਲੀ ਬਣ ਵਰ੍ਹਦੀ ਰਵ੍ਹਾਗੀਂ।

ਸਿਜਮ, ਸੁਹਜ, ਸਬਰ, ਸਲੀਕੇ ਦੇ
ਗਹਿਣਿਆਂ ਦਾ ਛੱਜ ਹੈ ਕੋਲ ਮੇਰੇ
ਤੇਰੀ ਛਨਕਾਰੀ ਨੂੰ ਸਮਝਣ ਲਈ
ਸਾਧਨਾ ਚੋਂ ਗੁਜਰਦੀ ਰਵ੍ਹਾਗੀਂ ।

ਤੂੰ ਉਹ ਸੂਰਜ ਜੋ ਚਾਨਣ ਵੰਡੇਂ,
ਤੂੰ ਵੀ ਤੇ ਅਰਾਮ ਲੋਚਦਾ ਹੋਵੇਂਗਾ
ਤੈਨੂੰ ਛਿਪਦਾ ਕਰਨ ਲਈ ਮੈਂ
ਹਰ ਰਾਤ ਪਾਸਾ ਪਰਤਦੀ ਰਵ੍ਹਾਗੀਂ।

ਗੁੜ੍ਹਤੀ 'ਚ ਮਿਲੀਆਂ ਬਾਣੀਆਂ
ਸਰਬਤ ਦੇ ਭਲੇ ਦੀ ਅਰਜ ਕਰਾਂ
ਤੁੱਲਦੇ ਰਹਿਣਗੇ ਕੁਫ਼ਰ ਏਥੇ
ਮੈਂ ਸੱਚ ਨੂੰ ਸਲਾਮ ਕਰਦੀ ਰਵ੍ਹਾਗੀਂ।

### ਤੇਰੀ ਛੋਹ

ਤੇਰੀਆਂ ਸਭ ਤਲਖ਼ੀਆਂ ਭੁੱਲ ਜਾਨੀ ਆਂ
ਕਰਕੇ ਸਿਜਦਾ ਤੇਰੇ ਸੱਜਰੇ ਮੋਹ ਨੂੰ

ਸੂਰਜ ਦੀਆਂ ਕਿਰਨਾਂ ਨੂੰ ਕਾਂਬਾ ਛਿੜਿਆ
ਤੱਕ ਤੇਰੇ ਮੱਥੇ ਦੀ ਚਮਕਦੀ ਲੋਅ ਨੂੰ

ਤੇਰੀਆਂ ਯਾਦਾਂ ਦੇ ਸੇਕ ਨੇ ਗਰਮਾਇਆ
ਹਨੇਰੀ ਰਾਤ ' ਚ ਮੇਰੇ ਠਰਦੇ ਪੋਹ ਨੂੰ

ਚੰਦਨ ਬਣ ਜੋ ਸਾਹਵਾਂ ਦੇ ਵਿਚ ਘੁਲ ਗਈ
ਨਿੱਤ ਭਾਲਾਂ ਤੇਰੇ ਹੱਥਾਂ ਦੀ ਛੋਹ ਨੂੰ

ਤਬੀਅਤ ਪੀਣ ਤੇ ਆਈ ਤੇ ਪੀ ਲਵਾਂਗੀ
ਪਰ ਕੀ ਪਰੋਸਾਂ ਦਿਲ'ਚ ਪੈਂਦੀ ਤੇਰੀ ਖੋਹ ਨੂੰ

### ਆਪੱਤੀਆਂ

ਕਦੇ ਫੁੱਲ ਭਰਮਾਉਂਦੇ ਸਨ,ਅੱਜ ਕੰਡੇ ਭਰਮਾਉਂਦੇ ਨੇ
ਤੇਰੇ ਖਿਆਲਾ 'ਤੇ ਵੀ ਲੋਕ ਆਪੱਤੀਆਂ ਜਤਾਉਂਦੇ ਨੇ

ਵੇਂਦ੍ਹਿਆਂ-ਵੇਂਦ੍ਹਿਆਂ ਵਿੱਸਰ ਗਈ ਵੇਖਣਯੋਗ ਰੁੱਤ
ਜਿਹਨੀਂ ਰੁੱਤੀਂ ਟਾਹਣੀਆਂ ਨੂੰ ਫੁੱਲ ਭਰਮਾਉਂਦੇ ਨੇ

ਕੁਛ ਸੋਨ ਸੁਨਹਿਰੀ ਪਲ ਗਲਵੱਕੜੀ ਪਾ ਕੇ ਸੌਣ
ਨੈਣਾਂ ਦੀ ਕੈਨਵਸ'ਤੇ ਤੇਰੇ ਖ਼ਵਾਬ ਸਜਾਉਂਦੇ ਨੇ

ਕਲਮ ਮੇਰੀ ਨੂੰ ਸ਼ਾਂਤ ਸਹਿਜ ਭਾਵਾਂ ਚ ਰੱਖ ਕੇ
ਕੋਮਲ ਹਰਫ਼ਾਂ 'ਚ ਤੇਰੀ ਇਬਾਦਤ ਲਿਖਵਾਉਂਦੇ ਨੇਂ

ਰੁਮਕਦੀਆਂ ਪੌਣਾਂ ਦੇ ਮੂੰਹੋਂ ਨਿਕਲਣ ਮਿੱਠੜੇ ਬੋਲ
ਫ਼ਰਜ਼ਾਂ ਦੇ ਨਾਲ ਮਾਣ ਮਰਿਆਦਾ ਸਿਖਾਉਂਦੇ ਨੇ

ਮਾਰੂਥਲੀਂ ਤਰਸ ਰਹੀ ਇੱਕ ਬੂੰਦ ਸਵਾਤੀ ਲਈ
ਜ਼ਿੰਦਗੀ ਨੂੰ ਜੰਨਤ ਦੀਆਂ ਰੰਗੀਨੀਆਂ ਵਿਖਾਉਂਦੇ ਨੇ

ਖੌਰੇ ਕੌਣ ਡੁੱਬਿਆ ਜੋ ਤੜਫਦੀ ਲਹਿਰ ਦਾ ਦਿਲ ਡੁੱਬੇ
ਯਾਦਾਂ ਨਹੀਂ ਮਾਰਦੀਆਂ ਵਿਛੋੜੇ ਮਾਰ ਮੁਕਾਉਂਦੇ ਨੇ।

48 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM



Rakesh Puri 604-377-4085
Lalit (Nitu) 604-339-1599
Amarjit Singh 778-908-0523
Arya Bhalla 778-788-2429
Hardam S. Maan 604-308-6663
Shashi Madan 604-367-5611
Shirin Mitha 604-614-9165

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ** **ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ ਕੱਦ 5'10", ਨਸ਼ਿਆਂ ਤੋਂ ਰਹਿਤ, BTECH(ਮਕੈਨੀਕਲ), ਲਈ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਲੜਕਾ ਇੰਡੀਆ ਵਿੱਚ ਹੈ। ਲੜਕੇ ਕੋਲ ਇੰਡੀਆ ਵਿੱਚ 13 ਕਿੱਲੇ ਜ਼ਮੀਨ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ: 778-713-0015 ਜਾਂ ਇੰਡੀਆ: 98156-34151

jan 30

---

ਕੈਨੇਡੀਅਨ ਜੱਟ ਸਿੱਖ ਪਰਿਵਾਰ ਆਪਣੇ 30 ਸਾਲ, ਕੱਦ 6'0 ਸੋਹਣੇ ਲੜਕੇ ਲਈ ਲੜਕੀ ਦੀ ਭਾਲ ਕਰ ਰਹੇ ਹਨ। ਲੜਕੇ ਨੇ ਕਵਾਂਟਲੇਨ ਪੋਲੀਟੈਕਨਿਕ ਯੂਨੀਵਰਸਿਟੀ ਤੋਂ ਬੀ.ਬੀ.ਏ(BBA) ਕੀਤੀ ਹੋਈ ਹੈ ਅਤੇ ਪੇਸ਼ੇਵਰ ਚਾਰਟਰਡ ਅਕਾਊਂਟੈਂਟ ਹੈ। ਲੜਕੀ ਕੈਨੇਡੀਅਨ ਨਾਗਰਿਕ ਜਾਂ ਪੀ.ਆਰ ਹੋਣੀ ਚਾਹੀਦੀ ਹੈ।ਸੰਪਰਕ:778-878-3959 ਜਾਂ ਈਮੇਲ: kjsbrar9@yahoo.ca

---

ਜੱਟ ਸਿੱਖ ਗਿੱਲ ਪਰਿਵਾਰ ਦਾ ਲੜਕਾ ਉਮਰ 28 ਸਾਲ ਕੱਦ 5'7", ਨਸ਼ਿਆਂ ਤੋਂ ਰਹਿਤ, ਕਲੀਨ ਸ਼ੇਵ ਕੈਨੇਡੀਅਨ ਪੀ.ਆਰ. ਵਾਸਤੇ ਲੜਕੀ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 604-655-3336 ਜਾਂ ਈਮੇਲ: happy9284@yahoo.com

---

### ਲੜਕੇ ਦੀ ਲੋੜ

ਕੈਨੇਡੀਅਨ ਪੀ.ਆਰ., ਉਮਰ 27 ਸਾਲ ਕੱਦ 5'5", ਵਾਸਤੇ ਯੋਗ ਵਰ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 29 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ।। ਸੰਪਰਕ- 604-761-7580 ਜਾਂ 604-599-8237

feb 06

---

ਕੈਨੇਡੀਅਨ ਪੀ.ਆਰ. ਸੈਣੀ ਸਿੱਖ, ਉਮਰ 29 ਸਾਲ ਕੱਦ 5'3", ਐਮ. ਟੈਕ, ਇਮੀਗਰਾਂਟ ਕਨਸਲਟੈਂਟ ਦੀ ਸਟੱਡੀ ਕਰ ਰਹੀ ਸੁਨੱਖੀ ਲੜਕੀ ਵਾਸਤੇ ਚੰਗੇ ਪਰਿਵਾਰ ਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਲੜਕੀ ਦੇ ਮਾਤਾ ਪਿਤਾ ਸਰਕਾਰੀ ਨੌਕਰੀ ਕਰਦੇ ਹਨ। ਸੰਪਰਕ- 604-902-5319 (ਵਟਸ ਐਪ) ਜਾਂ ਈਮੇਲ: gurdevsiaini0020@gmail.com

---

## EMPLOYMENTS

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।**

**ਅੱਜ ਹੀ ਸੰਪਰਕ ਕਰੋ:**

**ਸਾਹਿਬ ਸਿੰਘ : 778-863-9000**

---

## ਕਿਰਾਏ ਲਈ ਖਾਲੀ

ਸਰੀ ਵਿੱਚ 2 ਬੈਡਰੂਮ ਬੇਸਮੈਂਟ ਕਿਰਾਏ ਲਈ ਉਪਲਬਧ ਹੈ।ਵੱਖਰਾ ਲਿਵਿੰਗ ਰੂਮ, 68 ਐਵੇਨਿਊ ਅਤੇ 142 ਸਟ੍ਰੀਟ ਦੇ ਨੇੜੇ।ਸ਼ਾਕਾਹਾਰੀ ਹੋਣਾ ਚਾਹੀਦਾ ਹੈ ਅਤੇ ਸਿਗਰਟਨੋਸ਼ੀ ਮਨ੍ਹਾਂ ਹੈ।ਨਿੱਜੀ ਲਾਂਡਰੀ ਹੈ ।ਕੋਈ ਪਾਲਤੂ ਜਾਨਵਰ ਨਹੀਂ।ਹੋਰ ਜਾਣਕਾਰੀ ਲਈ ਸੰਪਰਕ ਕਰੋ: 604-961-4251

jan 30

---

## MATRIMONIALS

ਜੱਟ ਸਿੱਖ ਲੜਕਾ ਉਮਰ 27 ਸਾਲ ਕੱਦ 5'7", ਨਸ਼ਿਆਂ ਤੋਂ ਰਹਿਤ ਕੈਨੇਡੀਅਨ ਪੀ.ਆਰ ਵਾਸਤੇ ਪੀ.ਆਰ, ਵਿਜ਼ਟਰ ਜਾਂ ਸਟੂਡਿੰਟ ਸੁੰਦਰ ਲੜਕੀ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 23 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ। ਸੰਪਰਕ: 604-300-2361 ਜਾਂ ਇੰਡੀਆ: 94174-80918

---

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

---

ਪਾਰਟ ਟਾਈਮ ਤਜਰਬੇਕਾਰ ਐਂਡ ਡੰਪ ਡਰਾਈਵਰ ਦੀ ਜਰੂਰਤ ਹੈ। ਖੁਦਾਈ ਦੇ ਤਜਰਬੇ ਦੇ ਨਾਲ, ਉਸ ਨੂੰ ਆਪਣੇ ਆਪ ਟਰੱਕ ਲੋਡ ਕਰਨ ਦਾ ਤਜਰਬਾ ਹੋਣਾ ਚਾਹੀਦਾ ਹੈ।ਸਹੀ ਤਜਰਬੇਕਾਰ ਵਿਅਕਤੀ ਲਈ ਫੁਲ ਟਾਇਮ ਕੰਮ ਹੋ ਸਕਦਾ ਹੈ।ਤਨਖਾਹ ਲਈ ਸਮਝੌਤਾ ਕਰ ਸਕਦੇ ਹਾਂ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 778-882-9574

jan 30

---

ਰਿਚਮੰਡ ਵਿਚ ਫਾਰਮ ਹਾਊਸ ਲਈ ਪਾਰਟ ਟਾਈਮ ਆਮ ਲੇਬਰ ਦੀ ਜ਼ਰੂਰਤ ਹੈ।ਮਸ਼ੀਨ ਦੇ ਤਜਰਬੇ ਵਾਲੇ ਨੂੰ ਤਰਜੀਹ ਮਿਲੇਗੀ। ਤਨਖਾਹ $16 ਪ੍ਰਤੀ ਘੰਟਾ ਤੋਂ ਸ਼ੁਰੂ ਹੁੰਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 778-882-9574

jan 30

---

H.R. Stucco & Renovations Ltd. ਵਾਲਿਆਂ ਨੂੰ ਕਾਮੇਆਂ ਦੀ ਜ਼ਰੂਰਤ ਹੈ।ਯੋਗਤਾ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ।ਇਹਨਾਂ ਫੋਨ ਨੰਬਰਾਂ ਤੇ ਸੰਪਰਕ ਕਰੋ: 604-312-1325 ਜਾਂ 604-518-4800

---

## ਕੰਮ ਦਾ ਸੁਨਿਹਰੀ ਮੌਕਾ

ਸਟਾਰ ਲਾਈਟ ਟਰਾਂਸਪੋਰਟ ਕੰਪਨੀ ਵਾਲਿਆਂ ਨੂੰ ਸਾਰੇ ਕਨੇਡਾ ਅਤੇ ਅਮਰੀਕਾ ਲਈ ਟਰੱਕ ਡਰਾਈਵਰਾਂ ਦੀ ਜ਼ਰੂਰਤ ਹੈ। LMI ਅਤੇ SINP ਪ੍ਰਦਾਨ ਕੀਤੀ ਜਾ ਸਕਦੀ ਹੈ।ਅਸੀਂ ਯੂ ਐਸ ਏ ਵੀਜ਼ਾ ਪ੍ਰਾਪਤ ਕਰਨ ਵਿਚ ਵੀ ਮਦਦ ਕਰ ਸਕਦੇ ਹਾਂ।ਚੰਗੀ ਤਨਖਾਹ।ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ।

**ਹੋਰ ਜਾਣਕਾਰੀ ਲਈ ਜਤਿੰਦਰ ਬਰਾੜ ਨੂੰ ਕਾਲ ਕਰੋ**

**1-306-535-5555**




# ਬੁਢਾਪੇ ਨੂੰ ਜੁਆਨੀ ਵਾਂਗ ਜੀਓ

ਆਮ ਤੌਰ 'ਤੇ ਜੀਵਨ ਨੂੰ ਚਾਰ ਪੜਾਵਾਂ ਵਿੱਚ ਵੰਡਿਆ ਜਾਂਦਾ ਹੈ: ਬਚਪਨ, ਜੁਆਨੀ, ਅੱਧਖੜ ਉਮਰ ਤੇ ਬੁਢਾਪਾ। ਪਹਿਲੇ ਦੋ ਪੜਾਵਾਂ ਦਾ ਤਾਂ ਪਤਾ ਹੀ ਨਹੀਂ ਲੱਗਦਾ ਕਦੋਂ ਆਏ ਤੇ ਕਦੋਂ ਬੀਤ ਗਏ, ਜੁਆਨੀ ਬਾਰੇ ਤਾਂ ਲਿਖਿਆ ਗਿਆ ਹੈ-

**ਆਈ ਜੁਆਨੀ ਝੱਲ ਮਸਤਾਨੀ, ਨਹੀਂ ਲੁਕਾਇਆਂ ਲੁਕਦੀ**
**ਗਿੱਠ ਗਿੱਠ ਪੈਰ ਜ਼ਿਮੀਂ ਹੋ ਉੱਚੇ, ਮੋਢਿਆਂ ਉੱਤੋਂ ਥੁੱਕਦੀ।**

ਪਰ ਜਦੋਂ ਮਨੁੱਖ ਅੱਧਖੜ ਉਮਰ ਵਿੱਚ ਕਦਮ ਰੱਖਦਾ ਹੈ ਤਾਂ ਜ਼ਿਮੇਵਾਰੀਆਂ ਦਾ ਭਾਰ ਦਿਨੋਂ ਦਿਨ ਵਧਦਾ ਜਾਂਦਾ ਹੈ, ਖਾਸ ਕਰਕੇ ਬੱਚਿਆਂ ਦੇ ਵਿਆਹ ਕਰਨੇ ਤੇ ਕੰਮ-ਕਾਰ ਸੈੱਟ ਕਰਨੇ ਆਦਿ। ਸਾਰਾ ਧਿਆਨ ਪਰਿਵਾਰ ਵੱਲ ਕੇਂਦਰਿਤ ਹੋ ਜਾਂਦਾ ਹੈ। ਆਪਣੇ ਵਾਸਤੇ ਸ਼ਾਇਦ ਹੀ ਸਮਾਂ ਮਿਲਦਾ ਹੋਵੇ। ਸਹੀ ਮਾਅਨਿਆਂ ਵਿੱਚ ਆਪਣੀ ਜ਼ਿੰਦਗੀ ਸ਼ੁਰੂ ਹੀ ਉਦੋਂ ਹੁੰਦੀ ਹੈ ਜਦੋਂ ਆਪਣੇ ਬਾਰੇ ਸੋਚਣ ਦੀ ਲੋੜ ਪੈ ਜਾਂਦੀ ਹੈ। ਆਮ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਲੋਕ ਇਸ ਅਵਸਥਾ ਵਿੱਚ ਸਿਹਤ ਤੇ ਸੁਰੱਖਿਆ ਦੇ ਪੱਖ ਤੋਂ ਉਦਾਸ ਹੋ ਜਾਂਦੇ ਹਨ। ਅਸਲ ਵਿੱਚ ਪਰਿਵਰਤਨ ਪ੍ਰਕਿਰਤੀ ਦਾ ਨਿਯਮ ਹੈ ਅਤੇ ਜਦੋਂ ਮਨੁੱਖ ਦੇ ਜੀਵਨ ਵਿੱਚ, ਉਮਰ ਵਿੱਚ ਤਬਦੀਲੀ ਆਉਂਦੀ ਹੈ ਤਾਂ ਮਾਨਸਿਕ ਤੌਰ 'ਤੇ ਉਦਾਸੀ ਦਾ ਸ਼ਿਕਾਰ ਹੋ ਜਾਂਦੇ ਹਨ। ਸਲਾਹ-ਮਸ਼ਵਰੇ ਤੇ ਫ਼ੈਸਲੇ ਲੈਣ ਪੱਖੋਂ ਉਨ੍ਹਾਂ ਦੀ ਓਨੀ ਮਹੱਤਤਾ ਨਹੀਂ ਰਹਿੰਦੀ ਜਿੰਨੇ ਬੱਚਿਆਂ ਦੇ ਵਿਚਾਰ ਹਾਵੀ ਹੋ ਜਾਂਦੇ ਹਨ ਤੇ ਉਹ ਸਮਝਦੇ ਹਨ ਕਿ ਉਨ੍ਹਾਂ ਨੂੰ ਫ਼ੈਸਲੇ ਲੈਣ ਦਾ ਆਪਣਾ ਹੱਕ ਹੈ। ਪਰ ਅਜਿਹੀਆਂ ਪ੍ਰਸਥਿਤੀਆਂ ਨੂੰ ਬਹੁਤੀ ਗੰਭੀਰਤਾ ਨਾਲ ਨਾ ਲੈ ਕੇ ਜੀਵਨ ਦੇ ਬੁਨਿਆਦੀ ਨਿਯਮਾਂ ਵਜੋਂ ਸਮਝ ਕੇ ਅਪਣਾਈਏ ਤਾਂ ਬਹੁਤੀ ਸਮੱਸਿਆ ਨਹੀਂ ਆਉਂਦੀ। ਇਸ ਸਬੰਧੀ ਕੁਝ ਬੁਨਿਆਦੀ ਨੁਕਤੇ ਹਨ ਜਿਨ੍ਹਾਂ ਉੱਤੇ ਅਮਲ ਕਰਕੇ ਖੁਸ਼ਨੁਮਾ ਜੀਵਨ ਬਤੀਤ ਕੀਤਾ ਜਾ ਸਕਦਾ ਹੈ। ਆਪਣੇ ਆਪ ਨੂੰ ਚੜ੍ਹਦੀਆਂ ਕਲਾ ਵਿੱਚ ਰੱਖੋ ਤੇ ਕਦੇ ਇਹ ਨਾ ਕਹੋ ਕਿ ਮੈਂ ਬੁੱਢਾ ਹੋ ਗਿਆ ਹਾਂ। ਅਜਿਹੀ ਵਿਚਾਰਧਾਰਾ ਜਨਮ ਮਿਤੀ, ਸਿਹਤ ਅਤੇ ਸੋਚ ਕੇ ਅਸੀਂ ਆਪਣੇ ਆਪ ਨੂੰ ਕਿਉਂ ਬੁੱਢਾ ਮਹਿਸੂਸ ਕਰਦੇ ਹਾਂ, ਉੱਤੇ ਆਧਾਰਿਤ ਹੁੰਦੀ ਹੈ। ਜਨਮ ਮਿਤੀ ਤਾਂ ਅਟੱਲ ਸਚਾਈ ਹੈ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਸਿਹਤ ਦੀ ਸੰਭਾਲ ਜ਼ਰੂਰ ਕਰ ਸਕਦੇ ਹਾਂ- ਕਸਰਤ ਕਰਕੇ, ਸਹੀ ਸੰਤੁਲਤ ਖੁਰਾਕ ਖਾ ਕੇ ਤੇ ਖੁਸ਼ ਰਹਿ ਕੇ। ਤੀਸਰਾ ਜੇ ਸਾਡੀ ਸੋਚ ਸਕਾਰਾਤਮਕ ਹੋਵੇਗੀ, ਆਸ਼ਾਵਾਦੀ ਨਜ਼ਰੀਆ ਤੇ ਖੁਸ਼ਨੁਮਾ ਦ੍ਰਿਸ਼ਟੀਕੋਣ ਹੋਵੇਗਾ ਤਾਂ ਬੁਢਾਪੇ ਨੂੰ ਜੁਆਨੀ ਵਾਂਗ ਜਿਊਣ ਦਾ ਅਹਿਸਾਸ ਵੀ ਹੋਵੇਗਾ। ਆਮ ਕਿਹਾ ਜਾਂਦਾ ਹੈ ਕਿ ਸਿਹਤ ਹੀ ਧਨ-ਦੌਲਤ ਹੈ ਅਤੇ ਜੇ ਅਸੀਂ ਸੱਚਮੁੱਚ ਆਪਣੇ ਪਰਿਵਾਰ ਤੇ ਰਿਸ਼ਤੇਦਾਰਾਂ ਨੂੰ ਪਿਆਰ ਕਰਦੇ ਹਾਂ ਤਾਂ ਪਹਿਲ ਦੇ ਆਧਾਰ 'ਤੇ ਇਸ ਦੌਲਤ ਨੂੰ ਸੰਭਾਲ ਕੇ ਰੱਖਣਾ ਜ਼ਰੂਰੀ ਹੈ ਤਾਂ ਕਿ ਕਿਸੇ ਉੱਤੇ ਵੀ ਬੋਝ ਨਾ ਬਣੀਏ ਕਿਉਂਕਿ ਅੱਜ ਕਿਸੇ ਕੋਲ ਵੀ ਬਹੁਤਾ ਸਮਾਂ ਨਹੀਂ ਜੋ ਪੂਰਾ ਸਮਾਂ ਦੇ ਕੇ ਬਜ਼ੁਰਗਾਂ ਦੀ ਦੇਖ-ਭਾਲ ਕਰ ਸਕੇ। ਇਸ ਲਈ ਜ਼ਰੂਰੀ ਹੈ ਕਿ ਸਾਲਾਨਾ ਸਿਹਤ ਚੈਕਅੱਪ ਕਰਵਾਇਆ ਜਾਏ, ਵਕਤ ਸਿਰ ਦਵਾਈ ਲਈ ਜਾਵੇ ਤੇ ਸਿਹਤ ਦਾ ਬੀਮਾ ਕਰਵਾਇਆ ਜਾਏ, ਜੋ ਬਹੁਤ ਜ਼ਰੂਰੀ ਹੈ। ਜੀਵਨ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਪੈਸੇ ਦੀ ਵੀ ਲੋੜ ਹੁੰਦੀ ਹੈ ਤਾਂ ਕਿ ਸੁਚੱਜਾ ਜੀਵਨ ਬਤੀਤ ਕੀਤਾ ਜਾ ਸਕੇ। ਵੱਡੀ ਗੱਲ ਇਹ ਵੀ ਹੈ ਕਿ ਚਾਰ ਪੈਸੇ ਪੱਲੇ ਹੋਣਗੇ ਤਾਂ ਆਦਰ-ਮਾਣ ਵੀ ਬਣਿਆ ਰਹੇਗਾ। ਮਾਪੇ ਸਾਰੀ ਉਮਰ ਬੱਚਿਆਂ ਦੀ ਖਾਤਰ ਸਭ ਕੁਝ ਦਾਅ 'ਤੇ ਲਾ ਦਿੰਦੇ ਹਨ ਤੇ ਜਦੋਂ ਆਪਣੀ ਵਾਰੀ ਆਉਂਦੀ ਹੈ ਤਾਂ ਮੁਥਾਜ ਹੋ ਜਾਂਦੇ ਹਨ। ਇਸ ਪੱਖ ਨੂੰ ਧਿਆਨ ਵਿੱਚ ਰੱਖਿਆ ਜਾਏ ਕਿ ਪਹਿਲਾਂ ਤੋਂ ਹੀ ਚਾਦਰ ਵੇਖ ਕੇ ਪੈਰ ਪਸਾਰੇ ਜਾਣ ਅਤੇ ਬੱਚੇ ਭਾਵੇਂ ਕਿੰਨੇ ਵੀ ਚੰਗੇ ਕਿਉਂ ਨਾ ਹੋਣ, ਪਰ ਥੋੜ੍ਹਾ ਬਹੁਤਾ ਪੈਸਾ ਆਪਣੇ ਭਵਿੱਖ ਵਾਸਤੇ ਜ਼ਰੂਰ ਬਚਾਅ ਕੇ ਰੱਖੋ। ਆਪ ਮੀਆਂ ਬੀਵੀ ਆਪਣਾ ਵਧੀਆ ਜੀਵਨ ਬਿਤਾਓ, ਘੁੰਮੋ-ਫਿਰੋ, ਯਾਤਰਾ 'ਤੇ ਜਾਓ ਤੇ ਮਨਮਰਜ਼ੀ ਨਾਲ ਜੀਓ। ਧਾਰਮਿਕ ਮਨੋਬਿਰਤੀ ਵੀ ਮਨੁੱਖ ਦੇ ਮਨੋਰੰਜਨ ਤੇ ਮਨ ਨੂੰ ਸਕੂਨ ਦੇਣ ਦਾ ਵਧੀਆ ਸਾਧਨ ਸਾਬਤ ਹੁੰਦੀ ਹੈ। ਚੰਗੀ ਡੂੰਘੀ ਨੀਂਦ ਲੈਣੀ, ਗੀਤ-ਸੰਗੀਤ ਸੁਣਨਾ, ਖੁੱਲ੍ਹ ਕੇ ਹੱਸਣਾ, ਵਧੀਆ ਸੰਗੀਤ ਸੁਣਨ ਦੇ ਨਾਲ-ਨਾਲ ਖੁੱਲ੍ਹ ਕੇ ਨੱਚਣਾ ਤੇ ਹੱਸਣਾ ਅਤੇ ਖ਼ੁਦਾ ਵਿੱਚ ਵਿਸ਼ਵਾਸ ਰੱਖਣਾ, ਸੁਭਾਅ ਵਿੱਚ ਚੜ੍ਹਦੀ ਕਲਾ ਦੀਆਂ ਨਿਸ਼ਾਨੀਆਂ ਹਨ। ਜਦੋਂ ਪਾਠ-ਪੂਜਾ ਕਰਦੇ ਤੇ ਭਜਨ-ਕੀਰਤਨ ਇੱਕ ਮਨ ਇੱਕ ਚਿੱਤ ਹੋ ਕੇ ਸੁਣਦੇ ਹਾਂ ਤਾਂ ਸਰੀਰ ਤੇ ਮਨ ਦੋਵੇਂ ਸ਼ਾਂਤ ਅਵਸਥਾ ਵਿੱਚ ਹੁੰਦੇ ਹਨ। ਪਰ ਇਸ ਦੇ ਨਾਲ ਜ਼ਰੂਰੀ ਹੈ ਸਮੇਂ ਦੀ ਲਗਾਮ ਆਪਣੇ ਹੱਥ ਵਿੱਚ ਰੱਖੋ, ਸਮਾਂ ਅਨਮੋਲ ਹੈ, ਅਜਾਈਂ ਨਾ ਗੁਆਓ। ਜਦੋਂ ਤਕ ਸਮੇਂ ਦੀ ਕਦਰ ਕਰਦੇ ਹਾਂ ਇਹ ਸਾਡੇ ਕੰਟਰੋਲ ਵਿੱਚ ਹੁੰਦਾ ਹੈ, ਸੋ ਹਰ ਪਲ ਸਮੇਂ ਦੇ ਨਾਲ-ਨਾਲ ਕਦਮ ਮਿਲਾ ਕੇ ਚਲੋ ਤੇ ਇਜ ਸਮਝੋ ਜਿਵੇਂ ਹਰ ਰੋਜ਼ ਤੁਹਾਡਾ ਨਵਾਂ ਜਨਮ ਹੋ ਰਿਹਾ ਹੈ, ਹਰ ਚੜ੍ਹਦੇ ਦਿਨ ਨੂੰ 'ਜੀ ਆਇਆਂ' ਮੁਸਕਰਾ ਕੇ ਕਹੋ, ਚੜ੍ਹਦੇ ਸੂਰਜ ਨੂੰ ਸਲਾਮ ਕਰੋ ਤੇ ਢਲਦੇ ਦਾ ਸ਼ੁਕਰੀਆ ਅਦਾ ਕਰੋ। ਸਮੇਂ ਦਾ ਚੱਕਰ ਹੀ ਹੈ ਜੋ ਸੂਰਜ ਨਿੱਤ ਚੜ੍ਹਦਾ ਤੇ ਢਲਦਾ ਹੈ। ਅੱਜ ਨੂੰ ਕੈਸ਼ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰੋ। ਇਸ ਅੱਜ ਦੇ ਪਲ ਨੂੰ ਮਾਣੋ, ਭਰਪੂਰ ਢੰਗ ਨਾਲ ਜੀਓ ਜਾਂ ਦੂਸਰੇ ਸ਼ਬਦਾਂ ਵਿੱਚ ਵਰਤਮਾਨ ਵਿੱਚ ਵਿਚਰੋ, ਇਹ ਮੁੜ ਨਹੀਂ ਆਉਣਾ। ਜੀਵਨ ਵਿੱਚ ਪਰਿਵਰਤਨ ਇੱਕ ਅਟੱਲ ਸਚਾਈ ਹੈ, ਇਸ ਤੱਥ ਨੂੰ ਸਵੀਕਾਰ ਕਰੋ। ਇਹ ਅਟੱਲ ਸਚਾਈ ਪਰਿਵਰਤਨ ਨੂੰ ਸਵੀਕਾਰ ਕਰਨ ਦਾ ਵਧੀਆ ਢੰਗ ਹੈ। ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਤੇ ਪਰਿਵਾਰ ਦੀ ਖੁਸ਼ੀ ਵਿੱਚ ਸ਼ਾਮਲ ਹੋ ਕੇ ਖ਼ੁਸ਼ੀ ਮਨਾਓ, ਨੱਚੋ-ਟੱਪੋ ਨਾ ਕਿ ਬੀਤੇ ਸਮੇਂ ਨੂੰ ਯਾਦ ਕਰਕੇ ਝੂਰੋ। ਇਹ ਸੋਚੋ ਕਿ ਸਾਡੇ ਆਲੇ-ਦੁਆਲੇ ਪਰਿਵਾਰ ਖੁਸ਼ ਹੈ, ਬੱਚੇ ਨੇਕ ਹਨ, ਮਾਹੌਲ ਖੁਸ਼ਗਵਾਰ ਹੈ, ਇਸ ਨਾਲ ਮਨ ਨੂੰ ਸ਼ਾਂਤੀ, ਖੁਸ਼ੀ ਤੇ ਤਸੱਲੀ ਮਿਲੇਗੀ। ਹਰ ਮਨੁੱਖ ਬੁਨਿਆਦੀ ਤੌਰ 'ਤੇ ਸਵਾਰਥੀ ਹੁੰਦਾ ਹੈ ਕੁਝ ਚੰਗਾ ਕਰਕੇ ਬਦਲੇ ਵਿੱਚ ਕੁਝ ਚਾਹੁੰਦਾ ਹੈ, ਪਰ ਇਹ ਸਵਾਰਥੀਪੁਣਾ ਗਿਆਨਵਰਧਕ ਹੋਣਾ ਚਾਹੀਦਾ ਹੈ। ਨਾਂਹ-ਵਾਦੀ ਨਹੀਂ। ਚਾਹੀਦਾ ਇਹ ਹੈ ਕਿ ਜੋ ਸਾਡਾ ਸਾਥ ਦੇ ਰਹੇ ਹਨ, ਭਲਾ ਕਰ ਰਹੇ ਹਨ, ਖੁਸ਼ੀ ਦੇ ਰਹੇ ਹਨ ਉਨ੍ਹਾਂ ਦਾ ਧੰਨਵਾਦ ਕਰੀਏ। ਸਾਡੀ ਸੋਚ ਅੰਦਰੂਨੀ ਸੰਤੁਸ਼ਟੀ ਤੇ ਖ਼ੁਸ਼ੀ ਉੱਤੇ ਕੇਂਦਰਿਤ ਹੋਣੀ ਚਾਹੀਦੀ ਹੈ ਜੋ ਦੂਸਰਿਆਂ ਦੀ ਭਲਾਈ ਕਰਕੇ ਤੇ ਖੁਸ਼ੀ ਦੇ ਕੇ ਮਿਲਦੀ ਹੈ, ਪਰ ਬਦਲੇ ਵਿੱਚ ਕੋਈ ਵੱਡੀ ਆਸ ਨਾ ਰੱਖੋ। ਬਸ ਇੱਕ ਮੁਸਕਾਨ ਦੀ ਝਲਕ ਕਾਫ਼ੀ ਹੈ। ਨਿੱਤ ਕਰਮ ਹੋਵੇ ਕਿ ਕੁਝ ਨਾ ਕੁਝ ਚੰਗਾ ਕਰਦੇ ਰਹੋ, ਕਿਸੇ ਦਾ ਭਲਾ ਕਰੋ, ਕਿਸੇ ਨੂੰ ਖੁਸ਼ੀ ਦਿਓ, ਕਿਸੇ ਨੂੰ ਸਕੂਨ। ਦੂਸਰਿਆਂ ਦੀਆਂ ਗ਼ਲਤੀਆਂ ਵੱਲ ਧਿਆਨ ਨਾ ਦਿਓ, ਬਸ ਇੰਨਾ ਯਾਦ ਰੱਖੋ ਕਿ ਅਸੀਂ ਇੰਨੇ ਮਹਾਨ ਵੀ ਨਹੀਂ ਕਿ ਇੱਕ ਗੱਲ੍ਹ 'ਤੇ ਚਪੇੜ ਖਾ ਕੇ ਦੂਸਰੀ ਅੱਗੇ ਕਰ ਦੇਈਏ। ਆਪਣੀ ਸਿਹਤ, ਖੁਸ਼ੀ ਤੇ ਸਕੂਨ ਦੀ ਖਾਤਰ ਜੋ ਹੋਇਆ ਭੁੱਲ ਜਾਓ ਤੇ ਦੂਸਰੇ ਨੂੰ ਮੁਆਫ਼ ਕਰ ਦਿਓ ਨਹੀਂ ਤਾਂ ਆਪਣਾ ਬੀ.ਪੀ. ਵਧੇਗਾ, ਤਣਾਅ ਵਧੇਗਾ। ਜ਼ਿੰਦਗੀ ਦਾ ਕੋਈ ਮਕਸਦ ਹੁੰਦਾ ਹੈ, ਜੀਵਨ ਜਿਵੇਂ ਹੈ, ਉਸ ਨੂੰ ਚੱਲਣ ਦਿਓ; ਜਿਵੇਂ ਤੇ ਜਿਹੋ ਜਿਹੇ ਵੀ ਤੁਸੀਂ ਹੋ, ਠੀਕ ਹੋ ਅਤੇ ਦੂਸਰੇ ਜਿਹੋ ਜਿਹੇ ਹਨ, ਉਨ੍ਹਾਂ ਨੂੰ ਉਸ ਮੁਤਾਬਕ ਚਲਣ ਦਿਓ, ਹਰ ਕੋਈ ਵਿਲੱਖਣ ਹੈ, ਆਪਣੀ ਜਗ੍ਹਾ ਠੀਕ ਹੈ। ਦੂਸਰਿਆਂ ਨੂੰ ਸੁਧਾਰਨ ਦੀ ਬਜਾਏ ਆਪਣੇ ਵੱਲ ਧਿਆਨ ਦਿਓ। ਜੀਵਨ ਦਾ ਜੇ ਆਦਿ ਹੈ ਤਾਂ ਅੰਤ ਵੀ ਹੈ, ਇਸ ਸਚਾਈ ਤੋਂ ਮੂੰਹ ਨਾ ਮੋੜੋ। ਮੌਤ ਨੇ ਇੱਕ ਦਿਨ ਆਉਣਾ ਹੈ। ਜੇ ਮੌਤ ਤੋਂ ਹਰ ਵੇਲੇ ਡਰਦੇ ਰਹਾਂਗੇ ਤਾਂ ਰੋਜ਼ ਮਰਨ ਵਾਲੀ ਗੱਲ ਹੈ। ਬਿਹਤਰ ਹੈ ਜਿਹੜਾ ਦਿਨ ਚੜ੍ਹਿਆ ਹੈ, ਉਸ ਨੂੰ ਹੱਸ ਕੇ 'ਜੀ ਆਇਆਂ' ਕਹੀਏ, ਕੱਲ੍ਹ ਦਾ ਕੋਈ ਪਤਾ ਨਹੀਂ। ਬਸ ਤੁਸੀਂ ਆਪਣਾ ਜੀਵਨ ਜੀਓ! ਉਤਸ਼ਾਹ ਨਾਲ, ਹੌਸਲੇ ਨਾਲ ਚੜ੍ਹਦੀ ਕਲਾ ਵਿੱਚ ਰਹੋ ਤੇ ਅੱਧਖੜ ਉਮਰ ਜਾਂ ਬੁਢਾਪੇ ਨੂੰ ਜੁਆਨੀ ਵਾਂਗ ਜੀਓ, ਇਹੀ ਸਫਲ ਜੀਵਨ ਦਾ ਅਸਲੀ ਰਾਜ਼ ਹੈ।

**—ਡਾ. ਜਗਦੀਸ਼ ਕੌਰ ਵਾਡੀਆ**

> ਅੱਜ ਨੂੰ ਕੈਸ਼ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰੋ। ਇਸ ਅੱਜ ਦੇ ਪਲ ਨੂੰ ਮਾਣੋ, ਭਰਪੂਰ ਢੰਗ ਨਾਲ ਜੀਓ ਜਾਂ ਦੂਸਰੇ ਸ਼ਬਦਾਂ ਵਿੱਚ ਵਰਤਮਾਨ ਵਿੱਚ ਵਿਚਰੋ, ਇਹ ਮੁੜ ਨਹੀਂ ਆਉਣਾ। ਜੀਵਨ ਵਿੱਚ ਪਰਿਵਰਤਨ ਇੱਕ ਅਟੱਲ ਸਚਾਈ ਹੈ, ਇਸ ਤੱਥ ਨੂੰ ਸਵੀਕਾਰ ਕਰੋ। ਇਹ ਅਟੱਲ ਸਚਾਈ ਪਰਿਵਰਤਨ ਨੂੰ ਸਵੀਕਾਰ ਕਰਨ ਦਾ ਵਧੀਆ ਢੰਗ ਹੈ। ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਤੇ ਪਰਿਵਾਰ ਦੀ ਖ਼ੁਸ਼ੀ ਵਿੱਚ ਸ਼ਾਮਲ ਹੋ ਕੇ ਖ਼ੁਸ਼ੀ ਮਨਾਓ, ਨੱਚੋ-ਟੱਪੋ ਨਾ ਕਿ ਬੀਤੇ ਸਮੇਂ ਨੂੰ ਯਾਦ ਕਰਕੇ ਝੂਰੋ।

















# ਬੱਚੇ ਦੀ ਪਹਿਲੀ ਗੁਰੂ ਉਸ ਦੀ ਮਾਂ

ਸਾਫ਼-ਸੁਥਰੇ ਅਤੇ ਸੁਚੱਜੇ ਸਮਾਜ ਦੀ ਰਚਨਾ ਤਾਂ ਹੀ ਹੋ ਸਕਦੀ ਹੈ ਜੇ ਉਸ ਦੇ ਸ਼ਹਿਰੀ ਪੜ੍ਹੇ-ਲਿਖੇ ਅਤੇ ਸੂਝਵਾਨ ਹੋਣਗੇ। ਇਸ ਲਈ ਬੱਚੇ ਨੂੰ ਜਨਮ ਤੋਂ ਹੀ ਚੰਗੇ ਸੰਸਕਾਰ ਦੇਣੇ ਸਭ ਤੋਂ ਪਹਿਲਾਂ ਉਸ ਦੀ ਮਾਂ ਦੀ ਹੀ ਜ਼ਿੰਮੇਵਾਰੀ ਬਣਦੀ ਹੈ। ਛੋਟੇ ਬੱਚੇ ਦੀ ਦੇਖਭਾਲ ਅਸੀਂ ਬਹੁਤ ਹੀ ਸੁਚੇਤ ਹੋ ਕੇ ਕਰਦੇ ਹਾਂ ਪਰ ਜਦੋਂ ਕੁਝ ਵੱਡਾ ਹੋ ਕੇ ਸਕੂਲ ਜਾਣ ਲਗਦਾ ਹੈ ਤਾਂ ਅਸੀਂ ਸਮਝਦੇ ਹਾਂ ਕਿ ਸਾਡਾ ਕੰਮ ਹੁਣ ਉਸ ਨੂੰ ਬਰੇਕਫਾਸਟ ਕਰਵਾ ਕੇ ਸਕੂਲ ਬੈਗ ਉਸ ਦੇ ਮੋਢੇ 'ਤੇ ਟੰਗ ਦੇਣਾ ਹੈ, ਬਾਕੀ ਜ਼ਿੰਮੇਵਾਰੀ ਸਕੂਲ ਅਧਿਆਪਕਾਂ 'ਤੇ ਛੱਡ ਦਿੰਦੇ ਹਾਂ। ਬੱਚਾ ਸਕੂਲ ਵਿਚ ਕਿਵੇਂ ਵਿਚਰਦਾ ਹੈ, ਉਸ ਨੂੰ ਸਕੂਲ ਦਾ ਵਾਤਾਵਰਨ ਰਾਸ ਆਇਆ ਹੈ ਕਿ ਨਹੀਂ, ਉਸ ਦਾ ਹੋਮਵਰਕ ਠੀਕ ਢੰਗ ਨਾਲ ਹੁੰਦਾ ਹੈ ਜਾਂ ਨਹੀਂ ਆਦਿ ਵਿਸ਼ੇਸ਼ ਗੱਲਾਂ ਵੱਲ ਅਸੀਂ ਘੱਟ ਧਿਆਨ ਦੇਣ ਲੱਗ ਜਾਂਦੇ ਹਾਂ। ਸਾਨੂੰ ਸਕੂਲ ਜਾਂਦੇ ਬੱਚੇ ਦੀ ਹਰ ਜ਼ਰੂਰਤ ਦਾ ਧਿਆਨ ਰੱਖਣਾ ਚਾਹੀਦਾ ਹੈ। ਰੋਜ਼ ਸਵੇਰੇ ਸਕੂਲ ਜਾਣ ਸਮੇਂ ਉਸ ਦੇ ਸਕੂਲ ਬੈਗ ਦੀ ਜਾਂਚ ਕਰੋ, ਉਸ ਵਿਚ ਕੋਈ ਵੀ ਚੀਜ਼ ਘੱਟ ਹੈ, ਉਸ ਨੂੰ ਪੂਰਾ ਕਰਕੇ ਸਕੂਲ ਭੇਜੋ, ਸਕੂਲ, ਪੈੱਨ, ਪੈਨਸਿਲ ਜਾਂ ਕੋਈ ਵੀ ਚੀਜ਼ ਘੱਟ ਹੈ ਤਾਂ ਪੂਰੀ ਕਰਕੇ ਭੇਜੋ ਤਾਂ ਕਿ ਸਕੂਲ ਜਾ ਕੇ ਉਸ ਨੂੰ ਅਧਿਆਪਕ ਦੀਆਂ ਝਿੜਕਾਂ ਨਾ ਸਹਿਣੀਆਂ ਪੈਣ। ਜੇ ਅਸੀਂ ਬੱਚੇ ਦਾ ਬੈਗ ਮੁਕੰਮਲ ਕਰਕੇ ਨਹੀਂ ਭੇਜਦੇ ਤਾਂ ਉਹ ਸਾਥੀਆਂ ਦੀਆਂ ਚੀਜ਼ਾਂ ਚੋਰੀ ਚੁੱਕਣਾ ਸ਼ੁਰੂ ਕਰ ਦੇਵੇਗਾ, ਬਸ ਇਥੋਂ ਹੀ ਬੱਚਾ ਚੋਰੀ ਦੀ ਆਦਤ ਗ੍ਰਹਿਣ ਕਰ ਲਵੇਗਾ। ਇਸ ਲਈ ਜਦੋਂ ਵੀ ਤੁਹਾਡਾ ਬੱਚਾ ਕੋਈ ਚੋਰੀ ਦੀ ਚੀਜ਼ ਘਰ ਲੈ ਕੇ ਆਵੇ ਤਾਂ ਤੁਰੰਤ ਉਸ ਨੂੰ ਸਖਤੀ ਨਾਲ ਰੋਕ ਦਿਓ ਅਤੇ ਸਮਝਾਓ ਕਿ ਚੋਰੀ ਕਰਨਾ ਪਾਪ ਹੈ। ਜੇਕਰ ਤੁਸੀਂ ਛੋਟੇ ਬੱਚੇ ਨੂੰ ਹੀ ਚੋਰੀ ਕਰਨ ਤੋਂ ਰੋਕ ਦਿਓ ਤਾਂ ਬਹੁਤ ਚੰਗੀ ਗੱਲ, ਜੇਕਰ ਨਹੀਂ ਰੋਕ ਸਕਦੇ ਤਾਂ ਉਹ ਹੌਲੀ-ਹੌਲੀ ਚੋਰੀ ਕਰਨ ਦੇ ਕੰਮ ਵਿਚ ਪੱਕਾ ਹੋ ਜਾਵੇਗਾ।



ਬੱਚਾ ਵੱਡਾ ਹੋ ਕੇ ਸਕੂਲ, ਕਾਲਜ ਜਾਣ ਲਗਦਾ ਹੈ ਤਾਂ ਤੁਹਾਡੀਆਂ ਜ਼ਿੰਮੇਵਾਰੀਆਂ ਹੋਰ ਵੀ ਵਧ ਸਕਦੀਆਂ ਹਨ। ਅੱਜ ਕੱਲ੍ਹ ਵਿੱਦਿਅਕ ਸੰਸਥਾਵਾਂ ਵਿਚ ਨਸ਼ਿਆਂ ਦੀ ਭਰਮਾਰ ਚੱਲ ਰਹੀ ਹੈ। ਇਸ ਬੁਰੀ ਆਦਤ ਤੋਂ ਬਚਾਉਣ ਲਈ ਤੁਸੀਂ ਆਪਣੇ ਬੱਚੇ 'ਤੇ ਪੂਰੀ ਨਜ਼ਰ ਰੱਖੋ। ਉਸ ਦੇ ਸਕੂਲ ਆਉਣ-ਜਾਣ ਦਾ ਸਮਾਂ, ਉਸ ਦੇ ਸਾਥੀ ਵਿਦਿਆਰਥੀਆਂ ਦੀ ਸੰਗਤ ਅਤੇ ਜੇਕਰ ਸ਼ਾਮ ਨੂੰ ਜਿਮ ਆਦਿ ਜਾਂਦਾ ਹੈ ਤਾਂ ਇਹ ਸਭ ਕੁਝ ਤੁਹਾਡੀ ਨਿਗਰਾਨੀ ਵਿਚ ਹੋਣਾ ਚਾਹੀਦਾ ਹੈ। ਉਸ ਦੇ ਜੇਬ ਖਰਚ ਦਾ ਵੀ ਧਿਆਨ ਰੱਖੋ, ਕੋਸ਼ਿਸ਼ ਇਹ ਕਰੋ ਕਿ ਉਹ ਘਰ ਦੀਆਂ ਬਣੀਆਂ ਚੀਜ਼ਾਂ ਹੀ ਖਾਵੇ। ਬਾਜ਼ਾਰੂ ਖਾਣਾ ਜਿਥੇ ਸਿਹਤ ਲਈ ਹਾਨੀਕਾਰਕ ਹੈ, ਉਥੇ ਹੋਰ ਵੀ ਬਹੁਤ ਸਾਰੀਆਂ ਗ਼ਲਤ ਆਦਤਾਂ ਦਾ ਕਾਰਨ ਬਣਦਾ ਹੈ। ਕੰਟੀਨ, ਟੱਕ ਸ਼ਾਪ ਆਦਿ 'ਤੇ ਰੋਜ਼ ਸਾਥੀਆਂ ਸਮੇਤ ਬੈਠਣ ਦੀ ਆਦਤ ਪੱਕ ਜਾਂਦੀ ਹੈ, ਫਿਰ ਘਰ ਦਾ ਖਾਣਾ ਪਸੰਦ ਹੀ ਨਹੀਂ ਆਉਂਦਾ, ਕਿਉਂਕਿ ਮਸਾਲੇਦਾਰ ਭੋਜਨ ਦੀ ਆਦਤ ਪੈ ਜਾਂਦੀ ਹੈ। ਬੱਚੇ ਨੂੰ ਚੰਗਾ ਸ਼ਹਿਰੀ ਬਣਾਉਣ ਵਿਚ ਮਾਤਾ-ਪਿਤਾ ਦੀ ਵਿਸ਼ੇਸ਼ ਜ਼ਿੰਮੇਵਾਰੀ ਹੈ, ਕੇਵਲ ਉਸ ਦੇ ਅਧਿਆਪਕਾਂ 'ਤੇ ਹੀ ਨਿਰਭਰ ਨਹੀਂ ਕਰਨਾ ਚਾਹੀਦਾ।


# ਹਰ ਕੋਈ ਚਾਹੇ ਤੁਹਾਡੇ ਵਰਗਾ ਬਣਨਾ

ਯਾਹੂਦੀ ਲੋਕਾਂ ਦੀ ਇਕ ਕਹਾਵਤ ਹੈ ਕਿ ਜੀਵਨ ਸਭ ਤੋਂ ਵਧੀਆ ਸੌਦਾ ਹੁੰਦਾ ਹੈ, ਕਿਉਂਕਿ ਇਹ ਸਾਨੂੰ ਬਿਨਾਂ ਕਿਸੇ ਕੀਮਤ ਤੋਂ ਮਿਲਿਆ ਹੈ। ਇਹ ਸਾਡੇ ਹੱਥ-ਵੱਸ ਹੈ ਕਿ ਅਸੀਂ ਆਪਣੇ ਜੀਵਨ ਨੂੰ ਖ਼ੂਬਸੂਰਤ ਬਣਾ ਸਕਦੇ ਹਾਂ। ਇਹ ਸਾਡੀ ਕਿਸਮਤ 'ਤੇ ਨਹੀਂ, ਬਲਕਿ ਇਹ ਸਾਡੀ ਆਪਣੀ ਸੋਚ, ਆਦਤ ਅਤੇ ਸੁਭਾਅ 'ਤੇ ਨਿਰਭਰ ਕਰਦਾ ਹੈ। ਤੁਸੀਂ ਸੁੰਦਰ ਹੋ, ਕਿਉਂਕਿ ਤੁਹਾਡੇ ਕੋਲ ਚੰਗਾ ਸੁਭਾਅ ਹੈ। ਤੁਸੀਂ ਅਮੀਰ ਹੋ, ਕਿਉਂਕਿ ਤੁਹਾਡੇ ਕੋਲ ਚਰਿੱਤਰ ਦੀ ਅਮੀਰੀ ਹੈ। ਤੁਸੀਂ ਹਰਮਨ-ਪਿਆਰੇ ਹੋ, ਕਿਉਂਕਿ ਤੁਹਾਡੇ ਵਿਚ ਨਿਮਰਤਾ ਹੈ। ਹਰ ਕੋਈ ਤੁਹਾਨੂੰ ਪਸੰਦ ਕਰਦਾ ਹੈ, ਕਿਉਂਕਿ ਤੁਹਾਡੇ ਕੋਲ ਗੱਲਬਾਤ ਕਰਨ ਦਾ ਸਲੀਕਾ ਹੈ। ਤੁਸੀਂ ਕਦੇ ਵੀ ਨਿਰਾਸ਼ ਨਹੀਂ ਹੁੰਦੇ, ਕਿਉਂਕਿ ਤੁਹਾਡੀ ਸੋਚ ਉਸਾਰੂ ਹੈ। ਤੁਹਾਡੀਆਂ ਆਦਤਾਂ ਤੁਹਾਡੇ ਸੁਹੱਪਣ ਵਿਚ ਹੋਰ ਵੀ ਵਾਧਾ ਕਰਦੀਆਂ ਹਨ। ਸਿਰਫ਼ ਆਪਣੀਆਂ ਹੀ ਗ਼ਲਤੀਆਂ ਤੋਂ ਨਹੀਂ, ਬਲਕਿ ਦੂਜਿਆਂ ਦੀਆਂ ਗ਼ਲਤੀਆਂ ਤੋਂ ਵੀ ਸਿੱਖੋ। ਤੁਹਾਨੂੰ ਕੋਈ ਧੋਖਾ ਨਹੀਂ ਦੇ ਸਕਦਾ, ਕਿਉਂਕਿ ਤੁਹਾਡੇ ਕੋਲ ਬੁੱਧੀ ਹੈ। ਅਕਸਰ ਨੇਕ ਇਰਾਦਾ ਅਤੇ ਚੰਗੇ ਵਿਚਾਰ ਜ਼ਿੰਦਗੀ ਨੂੰ ਬਦਲ ਦਿੰਦੇ ਹਨ। ਇਸਤਰੀ ਧਰਤੀ ਉੱਪਰ ਰੱਬ ਦਾ ਦੂਤ ਹੈ। ਕਲਪਨਾ ਚਾਵਲਾ ਅਮੀਰ ਮਾਪਿਆਂ ਦੀ ਧੀ ਨਹੀਂ ਸੀ, ਪਰ ਉਸ ਕੋਲ ਇਕ ਸੋਚ ਸੀ, ਇਕ ਇਰਾਦਾ ਸੀ। ਮਿਹਨਤ ਨਾਲ ਸਾਰੇ ਫਰਕ ਮਿਟ ਜਾਂਦੇ ਹਨ। ਮਦਰ ਟਰੇਸਾ ਕੋਲ ਪੂੰਜੀ ਨਹੀਂ ਸੀ ਅਤੇ ਨਾ ਹੀ ਉਸ ਦਾ ਕੋਈ ਸਕਾ-ਸਬੰਧੀ ਸੀ, ਪਰ ਉਸ ਕੋਲ ਮਮਤਾ ਸੀ, ਦਇਆ ਸੀ ਅਤੇ ਕੁਝ ਕਰ ਗੁਜ਼ਰਨ ਦਾ ਹੌਸਲਾ। ਆਪਣੇ ਇਨ੍ਹਾਂ ਗੁਣਾਂ ਕਰਕੇ ਉਸ ਨੇ ਇਸ ਸੰਸਾਰ 'ਚ ਆਪਣੀ ਵੱਖਰੀ ਥਾਂ ਬਣਾਈ। ਇਸ ਜ਼ਿੰਦਗੀ ਦੇ ਅਸੀਂ ਉਸ ਸਮੇਂ ਤੱਕ ਹੀ ਮਾਲਕ ਹਾਂ, ਜਿੰਨਾ ਸਮਾਂ ਸਾਡੇ ਵਿਚ ਸਾਹ ਚਲਦੇ ਹਨ। ਇਸ ਲਈ ਆਪਣੀ ਜ਼ਿੰਦਗੀ ਨੂੰ ਪ੍ਰਸੰਨ-ਚਿੱਤ ਬਣਾਓ। ਤੁਸੀਂ ਆਪਣੀ ਮਰਜ਼ੀ ਨਾਲ ਦੋਸਤ ਬਣਾਓ ਪਰ ਹਰ ਕੋਈ ਤੁਹਾਨੂੰ ਆਪਣਾ ਦੋਸਤ ਬਣਾਉਣਾ ਚਾਹੇ। ਤੁਸੀਂ ਸੋਚ-ਸਮਝ ਕੇ ਰਿਸ਼ਤੇ ਦੀ ਚੋਣ ਕਰੋ ਪਰ ਜ਼ਿੰਦਗੀ ਇਸ ਤਰ੍ਹਾਂ ਦੀ ਹੋਵੇ ਕਿ ਹਰ ਕੋਈ ਤੁਹਾਨੂੰ ਰਿਸ਼ਤੇਦਾਰ ਬਣਾਉਣ ਬਾਰੇ ਸੋਚੇ। ਆਪਣੀ ਜੀਵਨ-ਸ਼ੈਲੀ ਨੂੰ ਆਦਰਸ਼ ਬਣਾਓ ਤਾਂ ਕਿ ਹਰ ਕੋਈ ਤੁਹਾਡੇ ਵਰਗਾ ਬਣਨਾ ਚਾਹੇ। ਤੁਸੀਂ ਹਜ਼ਾਰਾਂ ਵਿਚੋਂ ਨਹੀਂ, ਬਲਕਿ ਲੱਖਾਂ ਵਿਚੋਂ ਇਕ ਹੋ। ਸਹੀ ਅਰਥਾਂ ਵਿਚ ਤੁਸੀਂ ਜ਼ਿੰਦਗੀ ਦੇ ਕਲਾਕਾਰ ਹੋ। ਤੁਹਾਡੇ ਕੋਲ ਕਾਬਲੀਅਤ ਹੈ, ਯੋਗਤਾ ਹੈ, ਸੋਚ ਅਤੇ ਚਰਿੱਤਰ ਹੈ, ਜ਼ਿੰਦਗੀ ਜਿਊਣ ਦਾ ਸਲੀਕਾ ਹੈ। ਤੁਹਾਡੇ ਕੋਲ ਚੰਗੇ ਫੈਸਲੇ ਕਰਨ ਵਾਲਾ ਦਿਮਾਗ ਹੈ, ਆਪਣੇ ਫੈਸਲਿਆਂ 'ਤੇ ਅਮਲ ਕਰਨ ਦੀ ਹਿੰਮਤ ਹੈ। ਅਜਿਹੀਆਂ ਮਾਣਮੱਤੀਆਂ ਧੀਆਂ 'ਤੇ ਜ਼ਮਾਨਾ ਨਾਜ਼ ਕਰਦਾ ਹੈ। ਬੇਸ਼ੱਕ ਰਸਤੇ ਵਿਚ ਕਠਿਨਾਈਆਂ ਬਹੁਤ ਹਨ ਪਰ ਤੁਹਾਡੇ ਕੋਲ ਆਪਣੇ ਰਸਤੇ ਆਪ ਬਣਾਉਣ ਦਾ ਇਰਾਦਾ ਅਤੇ ਹੁਨਰ ਹੈ। ਨਿਰਸੰਦੇਹ ਤੁਹਾਡੀ ਸ਼ਖ਼ਸੀਅਤ ਜੱਗ ਲਈ ਪ੍ਰੇਰਨਾ ਹੈ।



AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜ਼ਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

" ਆਪਣੇ ਭਾਈਚਾਰੇ ਦਾ ਮਾਣ "
NOW OPEN 2ND LOCATION IN
ABBOTSFORD
UNIT #4, 2599 CEDAR PARK, PLACE
ABOVE MONA CLOTH HOUSE
PH: 604.615.8731




I.C.B.C. Claims
• No Win No Fee
Criminal Law
• Homicide and Attempted Homicide
• Extradition Matters
• Drug Offences
• Assaults
• Sexual Assaults
• Drinking and Driving Offences
• Theft and Robbery
• Offences relating to Prostitution
Divorce Cases
Immigration Law
• Immigration Appeals
• Overseas sponsorships of spouses, dependant children and parents
• Inland sponsorships of spouses, dependant children and parents
• Provincial Nominee Programs (PNP)
• Skilled Worker category
• Self-Employed
• Investor and Entrepreneur Immigration
• Work-Permits
Real Estate
• Commercial and Real Estate
• Purchase and Sale of Property
• Financing and Refinancing
• Mortgages First and Subsequent
• ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
• ਕ੍ਰਿਮਨਲ ਲਾਅ • ਡਾਈਵੋਰਸ ਕੇਸ
• ਇਮੀਗ੍ਰੇਸ਼ਨ ਲਾਅ • ਰੀਅਲ ਐਸਟੇਟ
FREE Consultation
604.543.3886
Moved to New Location
13025 - 80TH AVE.,
SURREY
SINGH THIND & ASSOCIATES
BARRISTERS & SOLICITORS

# ਭਵਿਆ ਲਾਲ ਨਾਸਾ ਦੀ ਕਾਰਜਕਾਰੀ 'ਚੀਫ਼ ਆਫ਼ ਸਟਾਫ਼ ਨਿਯੁਕਤ



ਵਾਸ਼ਿੰਗਟਨ-ਜੋਅ ਬਾਇਡਨ ਦੇ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਨਾਸਾ ਵਿਚ ਉਨ੍ਹਾਂ ਲਈ ਪ੍ਰਸ਼ਾਸਕੀ ਤਬਦੀਲੀਆਂ ਦੀ ਨਿਗਰਾਨੀ ਕਰਨ ਵਾਲੀ ਭਾਰਤੀ-ਅਮਰੀਕੀ ਭਵਿਆ ਲਾਲ ਨੂੰ ਹੁਣ ਬਾਇਡਨ ਪ੍ਰਸ਼ਾਸਨ ਵਿਚ ਅਮਰੀਕੀ ਪੁਲਾੜ ਏਜੰਸੀ ਦੀ ਕਾਰਜਕਾਰੀ 'ਚੀਫ਼ ਆਫ਼ ਸਟਾਫ਼ ਨਿਯੁਕਤ ਕੀਤਾ ਗਿਆ ਹੈ। ਨਾਸਾ ਮੁਤਾਬਕ ਲਾਲ ਕੋਲ ਇੰਜਨੀਅਰਿੰਗ ਤੇ ਪੁਲਾੜ ਤਕਨੀਕ ਦਾ 'ਵੱਡਾ ਤਜਰਬਾ' ਹੈ। ਉਹ 2005 ਤੋਂ 2020 ਤੱਕ ਰੱਖਿਆ ਵਿਸ਼ਲੇਸ਼ਣ ਵਿਗਿਆਨ ਤੇ ਤਕਨੀਕੀ ਨੀਤੀ ਸੰਸਥਾ (ਐੱਸਟੀਪੀਆਈ) ਵਿਚ ਖੋਜ ਅਮਲੇ ਦੀ ਮੈਂਬਰ ਰਹਿ ਚੁੱਕੀ ਹੈ। ਉੱਥੇ ਭਵਿਆ ਨੇ ਵਾਈਟ ਹਾਊਸ ਦੇ ਵਿਗਿਆਨ ਤੇ ਤਕਨੀਕੀ ਨੀਤੀ ਬਾਰੇ ਦਫ਼ਤਰ ਅਤੇ ਕੌਮੀ ਪੁਲਾੜ ਕੌਂਸਲ ਲਈ ਪੁਲਾੜ ਤਕਨੀਕ, ਰਣਨੀਤੀ ਬਣਾਉਣ ਨਾਲ ਸਬੰਧਤ ਕਾਰਜਾਂ ਦੀ ਅਗਵਾਈ ਕੀਤੀ ਹੈ। ਨਾਸਾ, ਰੱਖਿਆ ਵਿਭਾਗ ਤੇ ਖ਼ੁਫ਼ੀਆ ਏਜੰਸੀਆਂ ਲਈ ਵੀ ਉਸ ਨੇ ਕੰਮ ਕੀਤਾ ਹੈ।

# 'ਓਸਾਮਾ ਨੇ ਨਵਾਜ਼ ਸ਼ਰੀਫ਼ ਨੂੰ ਸਮਰਥਨ ਅਤੇ ਪੈਸਾ ਦਿੱਤਾ ਸੀ

ਇਸਲਾਮਾਬਾਦ-ਇੱਕ ਸਾਬਕਾ ਪਾਕਿਸਤਾਨੀ ਡਿਪਲੋਮੈਟ ਨੇ ਕਥਿਤ ਦੋਸ਼ ਲਾਇਆ ਕਿ ਅਤਿਵਾਦੀ ਸੰਗਠਨ ਅਲ-ਕਾਇਦਾ ਦੇ ਆਗੂ ?ਸਾਮਾ ਬਿਨ ਲਾਦੇਨ (ਮਰਹੂਮ) ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦਾ ਸਮਰਥਨ ਕੀਤਾ ਅਤੇ ਉਸ ਨੂੰ ਪੈਸੇ ਵੀ ਮੁਹੱਈਆ ਕਰਵਾਏ ਸਨ। ਸ਼ਰੀਫ ਦੇ ਮੰਤਰੀ ਮੰਡਲ ਦੀ ਮੈਂਬਰ ਰਹੀ ਅਬੀਦਾ ਹੁਸੈਨ ਨੇ ਜੀਓ ਟੀਵੀ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਕਿਹਾ, 'ਹਾਂ, ਉਸ ਨੇ (ਓਸਾਮਾ) ਨੇ ਇੱਕ ਵਾਰ ਮੀਆਂ ਨਵਾਜ਼ ਸ਼ਰੀਫ ਦਾ ਸਮਰਥਨ ਕੀਤਾ ਸੀ। ਉਹ ਇੱਕ ਗੁੰਝਲਦਾਰ ਕਹਾਣੀ ਹੈ। ਉਹ (ਓਸਾਮਾ) ਸ਼ਰੀਫ ਨੂੰ ਵਿੱਤੀ ਸਹਾਇਤਾ ਦਿੰਦਾ ਸੀ। ਚੈਨਲ ਵੱਲੋਂ ਦਿੱਤੀ ਰਿਪੋਰਟ ਚ ਹੁਸੈਨ ਨੇ ਕਿਹਾ, 'ਓਸਾਮਾ ਬਿਨ ਲਾਦੇਨ ਇੱਕ ਸਮੇਂ ਪ੍ਰਸਿੱਧ ਸੀ ਅਤੇ ਅਮਰੀਕਾ ਸਮੇਤ ਹਰ ਕੋਈ ਉਸ ਨੂੰ ਪਸੰਦ ਕਰਦਾ ਸੀ, ਪਰ ਬਾਅਦ ਵਿੱਚ ਸਾਰਿਆਂ ਨੇ ਉਸ ਤੋਂ ਖ਼ੁਦ ਨੂੰ ਦੂਰ ਕਰ ਲਿਆ। ਹੁਸੈਨ 1980 ਦੇ ਦਹਾਕੇ ਵਿੱਚ ਹੋਏ ਸੋਵੀਅਤ-ਅਫਗਾਨ ਯੁੱਧ ਦਾ ਸੰਕੇਤ ਦੇ ਰਹੀ ਸੀ, ਜਿਸ ਵਿੱਚ ਲਾਦੇਨ ਨੇ ਮੁਜਾਹਦੀਨ ਵਜੋਂ ਜਾਣੇ ਜਾਂਦੇ ਅਤਿਵਾਦੀ ਸਮੂਹਾਂ ਨਾਲ ਮਿਲ ਕੇ ਸੋਵੀਅਤ ਫ਼ੌਜਾਂ ਵਿਰੁੱਧ ਲੜਾਈ ਲੜੀ ਸੀ। ਓਸਾਮਾ ਬਿਨ ਲਾਦੇਨ ਨੂੰ ਮਈ 2011 ਵਿੱਚ ਪਾਕਿਸਤਾਨ ਦੇ ਐਬਟਾਬਾਦ ਵਿੱਚ ਅਮਰੀਕੀ ਫੌਜ ਵੱਲੋ ਮਾਰ ਦਿੱਤਾ ਗਿਆ ਸੀ। ਜ਼ਿਕਰਯੋਗ ਹੈ ਕਿ ਪਿਛਲੇ ਹਫ਼ਤੇ, ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਇੱਕ ਸੰਸਦ ਮੈਂਬਰ ਫਾਰੂਖ ਹਬੀਬ ਨੇ ਕਥਿਤ ਦੋਸ਼ ਲਾਇਆ ਸੀ ਕਿ ਸ਼ਰੀਫ ਨੇ ਬੇਨਜ਼ੀਰ ਭੁੱਟੋ ਸਰਕਾਰ ਨੂੰ ਡੇਗਣ ਲਈ ਲਾਦੇਨ ਤੋਂ ਇੱਕ ਕਰੋੜ ਡਾਲਰ ਲਏ ਸਨ।




# ਸਾਢੇ 11 ਸਾਲ ਦਾ ਲਿਵਜੋਤ ਸਿੰਘ ਦੇਵੇਗਾ 10ਵੀਂ ਬੋਰਡ ਦੀ ਪ੍ਰੀਖਿਆ

ਨਵੀਂ ਦਿੱਲੀ-ਛੱਤੀਸਗੜ੍ਹ ਦੇ ਦੁਰਗ 'ਚ ਰਹਿਣ ਵਾਲੇ ਸਾਢੇ 11 ਸਾਲ ਦੇ ਲਿਵਜੋਤ ਸਿੰਘ ਦਾ ਦਿਮਾਗ ਕੰਪਿਊਟਰ ਤੋਂ ਵੀ ਤੇਜ਼ ਚੱਲਦਾ ਹੈ। 11 ਸਾਲ 4 ਮਹੀਨੇ ਦਾ ਲਿਵਜੋਤ 5ਵੀਂ ਜਮਾਤ 'ਚ ਪੜ੍ਹਦਾ ਹੈ। ਏਨੀ ਘੱਟ ਉਮਰ ਹੋਣ ਦੇ ਬਾਵਜੂਦ ਵੀ ਲਿਵਜੋਤ ਸਿੰਘ ਛੱਤੀਸਗੜ੍ਹ ਮਾਧਿਅਮ ਸਿੱਖਿਆ ਮੰਡਲ 'ਚ 10ਵੀਂ ਦੀ ਪ੍ਰੀਖਿਆ 'ਚ ਬੈਠੇਗਾ। ਬੋਰਡ ਨੇ ਵੀ ਲਿਵਜੋਤ ਦਾ ਆਈ।ਕਿਊ। ਟੈਸਟ ਕੀਤਾ ਅਤੇ ਫਿਰ ਇਹ ਫ਼ੈਸਲਾ ਲਿਆ।



ਛੱਤੀਸਗੜ੍ਹ ਦੇ ਦੁਰਗ ਜ਼ਿਲ੍ਹੇ ਦੇ ਮਾਈਲ ਸਟੋਨ ਖਪਰੀ 'ਚ ਪੰਜਵੀਂ ਜਮਾਤ 'ਚ ਪੜ੍ਹਨ ਵਾਲੇ ਲਿਵਜੋਤ ਦਾ ਦਿਮਾਗ ਕੰਪਿਊਟਰ ਤੋਂ ਵੀ ਜ਼ਿਆਦਾ ਤੇਜ਼ ਹੈ। ਲਿਵਜੋਤ ਦੇ ਦਿਮਾਗ ਨੂੰ ਦੇਖਦਿਆਂ ਉਨ੍ਹਾਂ ਦੇ ਪਿਤਾ ਗੁਰਵਿੰਦਰ ਸਿੰਘ ਅਰੋੜਾ ਨੇ 10ਵੀਂ ਦੀ ਪ੍ਰੀਖਿਆ 'ਚ ਬੈਠਣ ਦੀ ਮਨਜ਼ੂਰੀ ਲੈਣ ਲਈ ਪਿਛਲੇ ਸਾਲ ਹੀ ਬੋਰਡ ਨੂੰ ਇਕ ਅਰਜ਼ੀ ਦਿੱਤੀ ਸੀ। ਬੋਰਡ ਨੇ ਫਿਰ ਲਿਵਜੋਤ ਦਾ ਆਈ. ਕਿਊ. ਟੈਸਟ ਕਰਵਾਇਆ ਅਤੇ ਪ੍ਰੀਖਿਆ 'ਚ ਬੈਠਣ ਦੀ ਮਨਜ਼ੂਰੀ ਦੇ ਦਿੱਤੀ।

ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart &Stroke™

With the support of BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.

J & S Insulation & Rebar Ltd.



Residential & Commercial

Batt Insulation, Rigid Insulation, Insulate Sprinkler, Slab Insulation, Rebar, Poly, Styrofoam

**Quality Work, Free Estimates**
**Best Price**

Sarbjit: 604.841.9849

SKY BLUE DRYWALL LTD.
Residential & Commercial

T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh
778-549-3605
E: singh.mand@icloud.com

# ਦਰਸ਼ਕਾਂ ਨੂੰ ਦੋਬਾਰਾ ਥੀਏਟਰ 'ਚ ਲਿਆਉਣਾ ਮੁਸ਼ਕਲ ਹੋਵੇਗਾ-ਕੁਣਾਲ ਕੋਹਲੀ

'ਫਨਾ', 'ਹਮ ਤੁਮ', 'ਮੁਝ ਸੇ ਦੋਸਤੀ ਕਰੋਗੇ' ਵਰਗੀਆਂ ਫਿਲਮਾਂ ਦੇ ਡਾਇਰੈਕਟਰ ਕੁਣਾਲ ਕੋਹਲੀ ਦੀ ਅਗਲੀ ਫਿਲਮ 'ਲਾਹੌਰ ਕਾਨਫੀਡੈਂਸ਼ੀਅਲ' ਹੋਵੇਗੀ। ਇਸ ਦੀ ਸ਼ੂਟਿੰਗ ਮਹਾਮਾਰੀ ਦੌਰਾਨ ਹੋਈ ਹੈ। ਇਹ ਦੋ ਜਾਸੂਸਾਂ ਦੀ ਪ੍ਰੇਮ ਕਹਾਣੀ ਹੋਵੇਗੀ, ਜੋ ਉਨ੍ਹਾਂ ਨੂੰ ਇੱਕ-ਦੂਸਰੇ ਖਿਲਾਫ ਖੜ੍ਹਾ ਕਰ ਦਿੰਦੀ ਹੈ। 'ਲਾਹੌਰ ਕਾਨਫੀਡੈਂਸ਼ੀਅਲ' ਸਟ੍ਰੀਮਿੰਗ ਲਈ ਜੀ5 ਉੱਤੇ ਆਵੇਗੀ। ਪੇਸ਼ ਇਸ ਸੰਬੰਧੀ ਫਿਲਮ ਦਾ ਡਾਇਰੈਕਟਰ ਕੁਣਾਲ ਕੋਹਲੀ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

**'ਸਾਲ 2018 ਦੇ ਬਾਅਦ ਤੁਸੀਂ ਫਿਲਮ ਬਣਾ ਰਹੇ ਸਨ, ਉਹ ਵੀ ਮਹਾਮਾਰੀ ਵਿੱਚ। ਇਸ ਵਾਰ ਫਿਲਮ ਬਣਾਉਣ ਦਾ ਅਨੁਭਵ ਕਿੰਨਾ ਅਲੱਗ ਸੀ?**

—ਮੈਂ ਬਹੁਤ ਸਮੇਂ ਤੋਂ ਘਰ ਬੈਠਾ ਸੀ। ਮਹਾਮਾਰੀ ਦੌਰਾਨ ਇਸ ਫਿਲਮ ਦਾ ਆਫਰ ਆਇਆ। ਸਕ੍ਰਿਪਟ ਚੰਗੀ ਸੀ। ਪੂਰੀ ਅਹਿਤੀਆਤ ਨਾਲ ਸ਼ੂਟਿੰਗ ਹੋਈ ਹੈ। ਮੈਂ ਹੋਟਲ ਦੀ ਕੋਈ ਚੀਜ਼ ਨਹੀਂ ਵਰਤੀ। ਸਾਬਣ, ਚਾਦਰ, ਸਿਰਹਾਣਾ ਸਭ ਕੁਝ ਪਹਿਲਾਂ ਹੋਟਲ ਭੇਜ ਦਿੱਤਾ ਸੀ। ਮੈਂ ਸੈਟ ਉੱਤੇ ਨਿਯਮ ਬਣਾਇਆ ਕਿ ਜੋ ਮਾਸਕ ਦੇ ਬਿਨਾਂ ਦਿਸੇਗਾ, ਉਸ ਦਿਨ ਦੇ ਪੈਸੇ ਕੱਟ ਲਏ ਜਾਣਗੇ, ਪਰ ਕਿਸੇ ਦੇ ਪੈਸੇ ਕੱਟਣ ਦੀ ਨੌਬਤ ਨਹੀਂ ਆਈ।

**'ਤੁਸੀਂ ਤਾੜੀ ਵਜਾ ਕੇ ਸੈੱਟ ਉੱਤੇ ਲੋਕਾਂ ਨੂੰ ਹਟਾਉਂਦੇ ਸੀ। ਇਸ ਦੌਰਾਨ ਕਿਹੜੀਆਂ ਚੀਜ਼ਾਂ ਸੈੱਟ ਉੱਤੇ ਮਿਸ ਕੀਤੀਆਂ?**

—ਪਹਿਲਾਂ ਮੋਢੇ ਉੱਤੇ ਹੱਥ ਰੱਖ ਕੇ ਲੋਕਾਂ ਨੂੰ ਹਟਾ ਦਿੰਦੇ ਸੀ। ਇਸ ਵਾਰ ਦੂਰੀ ਬਣਾ ਕੇ ਰੱਖਣੀ ਸੀ। ਸੈੱਟ ਉੱਤੇ ਸਭ ਇੱਕ ਬਰਾਬਰ ਹੁੰਦੇ ਹਨ। ਇਸ ਵਾਰ ਮੈਂ ਕੈਮਰੇ ਉੱਤੇ ਬੈਠ ਕੇ ਫ੍ਰੇਮ ਨੂੰ ਸੈੱਟ ਕਰਨਾ ਬਹੁਤ ਮਿਸ ਕੀਤਾ। ਕੈਮਰੇ ਦੇ ਲੈਂਜ਼ ਨੂੰ ਦੇਖੇ ਬਿਨਾਂ ਫ੍ਰੇਮ ਬਣਾਉਣ ਵਿੱਚ ਮਜ਼ਾ ਨਹੀਂ ਆਉਂਦਾ ਹੈ। ਹਰ ਵਾਰ ਕੈਮਰੇ ਨੂੰ ਸੈਨੀਟਾਈਜ਼ ਕਰਨਾ ਮੁਮਕਿਨ ਨਹੀਂ ਸੀ। ਮੈਂ ਮਾਨੀਟਰ ਦੇਖਣ ਵਾਲਾ ਡਾਇਰੈਕਟਰ ਨਹੀਂ ਹਾਂ। ਮੈਂ ਕੈਮਰੇ ਦੇ ਨਾਲ ਖੜ੍ਹੇ ਹੋ ਕੇ ਐਕਸਪ੍ਰੈਸ਼ਨ ਦੇਖਦਾ ਹਾਂ। ਮਾਨੀਟਰ ਮੈਂ ਫ੍ਰੇਮ ਸੈੱਟ ਕਰਨ ਦੇ ਲਈ ਦੇਖਦਾ ਹਾਂ। ਕੈਮਰਾ ਨਾ ਛੂਹ ਸਕਣ ਦਾ ਮਲਾਲ ਸੀ।

**'ਜਾਸੂਸੀ ਅਤੇ ਰੋਮਾਂਸ ਦਾ ਮਿਸ਼ਰਣ ਤੁਹਾਡੀਆਂ ਫਿਲਮਾਂ ਵਿੱਚ ਰਿਹਾ ਹੈ। ਇਸ ਜਾਨਰ ਵਿੱਚ ਜ਼ਿਆਦਾ ਸਹਿਜ ਹੋ?**

—ਮੈਨੂੰ ਰੋਮਾਂਟਿਕ ਤੇ ਜਾਸੂਸੀ ਵਾਲੀਆਂ ਫਿਲਮਾਂ ਪਸੰਦ ਹਨ। 'ਫਨਾ' ਫਿਲਮ ਵਿੱਚ ਦੋਵਾਂ ਦਾ ਮਿਸ਼ਰਣ ਸੀ। ਜਿਸ ਤਰ੍ਹਾਂ ਨਾਲ ਕਲਾਕਾਰਾਂ ਨੂੰ ਟਾਈਪਕਾਸਟ ਕੀਤਾ ਜਾਂਦਾ ਹੈ, ਉਵੇਂ ਹੀ ਡਾਇਰੈਕਟਰਾਂ ਨੂੰ ਵੀ ਟਾਈਪਕਾਸਟ ਕੀਤਾ ਜਾਂਦਾ ਹੈ। ਯਸ਼ ਚੋਪੜਾ ਜੀ ਨੇ ਕਈ ਰੋਮਾਂਟਿਕ ਫਿਲਮਾਂ ਬਣਾਈਆਂ ਹਨ, ਉਥੇ ਹੀ ਉਨ੍ਹਾਂ ਨੇ 'ਡਰ' ਵਰਗੀ ਫਿਲਮ ਵੀ ਬਣਾਈ ਹੈ। ਫਿਲਹਾਲ ਮੈਂ ਇਸ ਸਮੇਂ ਜੋ ਵਿਸ਼ਾ ਚੁਣਦਾ ਹਾਂ, ਉਹ ਪਹਿਲਾਂ ਦੀਆਂ ਫਿਲਮਾਂ ਨਾਲੋਂ ਅਲੱਗ ਹੋਵੇਗੀ। ਥ੍ਰਿਲਰ ਅਤੇ ਐਕਸ਼ਨ ਬਣਾਉਣ ਦਾ ਮਨ ਹੈ।

**"ਰਾਜੀ ਅਤੇ 'ਏਕ ਥਾ ਟਾਈਗਰ' ਵਰਗੀਆਂ ਫਿਲਮਾਂ ਵਿੱਚ**



**ਬੇਸਬਰ ਹਾਂ, ਉਨ੍ਹਾਂ ਵਿਸ਼ਿਆਂ ਉੱਤੇ ਫਿਲਮ ਬਣਾਉਣ ਲਈ। ਲੋਕ ਕਹਿੰਦੇ ਹਨ ਕਿ ਹੁਣ ਵਿਦੇਸ਼ ਦੀ ਤਰ੍ਹਾਂ ਇਥੇ ਸਿਰਫ ਵੱਡੀ ਫਿਲਮ ਥੀਏਟਰ ਵਿੱਚ ਰਿਲੀਜ਼ ਹੋਵੇਗੀ, ਪਰ ਮੇਰੇ ਹਿਸਾਬ ਨਾਲ ਵਿਚਾਰਸ਼ੀਲ ਫਿਲਮਾਂ ਚੱਲਣਗੀਆਂ। ਫਿਲਮ ਦਾ ਵੱਡੇ ਸਕੇਲ ਉੱਤੇ ਨਹੀਂ ਚੰਗੇ ਵਿਚਾਰਾਂ ਉੱਤੇ ਬਣਨਾ ਜ਼ਰੂਰੀ ਹੈ। ਮੇਰੀ ਅਗਲੀ ਥੀਏਟਰ ਫਿਲਮ ਦਾ ਕੰਟੈਂਟ ਸਟਰਾਂਗ ਹੋਵੇਗਾ। ਮੈਨੂੰ ਵੱਡੇ ਬਜਟ ਦੀ ਜ਼ਰੂਰਤ ਨਹੀਂ।**

**ਦੂਸਰੇ ਦੇਸ਼ ਵਿੱਚ ਜਾਸੂਸੀ ਕਰਨ ਵਾਲੀ ਕਹਾਣੀ ਪਹਿਲਾਂ ਬਣੀ ਹੈ?**

—ਭਾਰਤ-ਪਾਕਿਸਤਾਨ ਦਾ ਵਿਸ਼ਾ ਮੇਰੇ ਲਈ ਨਵਾਂ ਨਹੀਂ ਹੈ। ਮੇਰੇ ਮਾਤਾ-ਪਿਤਾ ਸਰਹੱਦ ਪਾਰ ਦੇ ਸਨ, ਜਦ ਦੇਸ਼ ਦੀ ਵੰਡ ਨਹੀਂ ਹੋਈ ਸੀ। ਮੇਰੇ ਪਿਤਾ ਦਾ ਪਰਵਾਰ ਲਾਹੌਰ ਤੋਂ ਹੈ। ਮਾਂ ਦਾ ਪਰਵਾਰ ਪੰਜਾਬ ਦੇ ਸਰਗੋਧਾ ਤੋਂ ਹੈ, ਜੋ ਪਾਕਿਸਤਾਨ ਵਿੱਚ ਹੈ। ਇਨ੍ਹਾਂ ਦੋਵਾਂ ਦੇਸ਼ਾਂ ਦਰਮਿਆਨ ਸ਼ਾਂਤੀ ਵਾਲੇ ਹਾਲਾਤ ਨਹੀਂ ਬਣ ਪਾਉਂਦੇ ਹਨ। ਇਸ ਕਾਰਨ ਉਨ੍ਹਾਂ ਉੱਤੇ ਕਹਾਣੀ ਦੇ ਲਈ ਕਈ ਵਿਸ਼ੇ ਹਨ।

**'ਕੀ ਡਿਜੀਟਲ ਦੇ ਕਾਰਨ ਸਟਾਰਾਂ ਦੇ ਸਟਾਰਡਮ ਉੱਤੇ ਕੋਈ ਫਰਕ ਪਵੇਗਾ?**

—ਇਹ ਸਮਾਂ ਕਲਾਕਾਰਾਂ ਲਈ ਚੰਗਾ ਹੈ, ਪਰ ਜੋ ਖੁਦ ਨੂੰ ਸਟਾਰ ਸਮਝਦੇ ਹਨ, ਉਨ੍ਹਾਂ ਲਈ ਡਰਾਉਣਾ ਹੈ। ਥੀਏਟਰ ਵਿੱਚ ਜਦ ਫਿਲਮ ਲੱਗਦੀ ਹੈ, ਤਦ ਸਟਾਰਡਮ ਨਜ਼ਰ ਆਉਂਦਾ ਹੈ। ਥੀਏਟਰ ਪੂਰੀ ਸਮਰੱਥਾ ਦੇ ਨਾਲ ਖੁੱਲ੍ਹ ਗਏ ਹਨ, ਪਰ ਜਦ ਥੀਏਟਰ ਬੰਦ ਸਨ, ਤਦ ਸਬਕ੍ਰਿਪਸ਼ਨ ਲੈ ਕੇ ਡਿਜੀਟਲ ਪਲੇਟਫਾਰਮ ਦਾ ਕੰਟੈਂਟ ਖੂਬ ਦੇਖਿਆ ਜਾਂਦਾ ਹੈ। ਅਜਿਹੇ ਵਿੱਚ ਦਰਸ਼ਕਾਂ ਨੂੰ ਦੋਬਾਰਾ ਥੀਏਟਰ ਵਿੱਚ ਲਿਆਉਣਾ ਮੁਸ਼ਕਲ ਹੋਵੇਗਾ।

**'ਆਪਣੇ ਤਰੀਕੇ ਦੇ ਕੰਟੈਂਟ ਦੇ ਲਈ ਤੁਹਾਨੂੰ ਕਿਸੇ ਉੱਤੇ ਨਿਰਭਰ ਨਹੀਂ ਹੋਣਾ ਪੈਂਦਾ ਹੈ, ਤੁਸੀਂ ਖੁਦ ਲਿਖਦੇ ਹੋ?**

—ਹਾਂ, ਇਸ ਦੌਰਾਨ ਬਹੁਤ ਕੁਝ ਲਿਖਿਆ ਹੈ। ਬੇਸਬਰ ਹਾਂ, ਉਨ੍ਹਾਂ ਵਿਸ਼ਿਆਂ ਉੱਤੇ ਫਿਲਮ ਬਣਾਉਣ ਲਈ। ਲੋਕ ਕਹਿੰਦੇ ਹਨ ਕਿ ਹੁਣ ਵਿਦੇਸ਼ ਦੀ ਤਰ੍ਹਾਂ ਇਥੇ ਸਿਰਫ ਵੱਡੀ ਫਿਲਮ ਥੀਏਟਰ ਵਿੱਚ ਰਿਲੀਜ਼ ਹੋਵੇਗੀ, ਪਰ ਮੇਰੇ ਹਿਸਾਬ ਨਾਲ ਵਿਚਾਰਸ਼ੀਲ ਫਿਲਮਾਂ ਚੱਲਣਗੀਆਂ। ਫਿਲਮ ਦਾ ਵੱਡੇ ਸਕੇਲ ਉੱਤੇ ਨਹੀਂ ਚੰਗੇ ਵਿਚਾਰਾਂ ਉੱਤੇ ਬਣਨਾ ਜ਼ਰੂਰੀ ਹੈ। ਮੇਰੀ ਅਗਲੀ ਥੀਏਟਰ ਫਿਲਮ ਦਾ ਕੰਟੈਂਟ ਸਟਰਾਂਗ ਹੋਵੇਗਾ। ਮੈਨੂੰ ਵੱਡੇ ਬਜਟ ਦੀ ਜ਼ਰੂਰਤ ਨਹੀਂ।

METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com

# Filmy ਸਮਾਚਾਰ

## ‘ਲਾਲ ਸਿੰਘ ਚੱਢਾ’ ਰਿਲੀਜ਼ ਹੋਣ ਤੱਕ ਆਮਿਰ ਖਾਨ ਦਾ ਮੋਬਾਈਲ ਰਹੇਗਾ ਬੰਦ



ਮੁੰਬਈ-ਬੌਲੀਵੁੱਡ ਅਦਾਕਾਰ ਆਮਿਰ ਖਾਨ ਨੇ ਆਪਣਾ ਮੋਬਾਈਲ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ, ਤਾਂ ਕਿ ਇਹ ਉਸ ਦੇ ਕੰਮ ਅਤੇ ਨਿੱਜੀ ਜ਼ਿੰਦਗੀ ਵਿੱਚ ਰੁਕਾਵਟ ਨਾ ਖੜ੍ਹੀ ਕਰੇ। ਅਦਾਕਾਰ ਦੇ ਬੁਲਾਰੇ ਨੇ ਦੱਸਿਆ ਕਿ ਆਮਿਰ ਨੇ ਆਪਣੇ ਦੋਸਤ ਅਮੀਨ ਹਾਜੀ ਵੱਲੋਂ ਨਿਰਦੇਸ਼ਿਤ ਕੀਤੀ ਜਾ ਰਹੀ ਫਿਲਮ ‘ਕੋਈ ਜਾਨੇ ਨਾ’ ਲਈ ‘ਲਾਲ ਸਿੰਘ ਚੱਢਾ’ ਦੀ ਸ਼ੂਟਿੰਗ ਤੋਂ ਛੁੱਟੀ ਲਈ ਸੀ। ਹੁਣ ਪਤਾ ਲੱਗਾ ਹੈ ਕਿ ਆਮਿਰ ਮੁੰਬਈ ਪਰਤ ਆਇਆ ਹੈ ਅਤੇ ਆਪਣੀ ਫਿਲਮ ‘ਲਾਲ ਸਿੰਘ ਚੱਢਾ’ ਲਈ ਤਿਆਰ ਹੈ। ਉਹ ਹੁਣ ਫਿਲਮ ਦੀ ਬਾਕੀ ਸ਼ੂਟਿੰਗ ਪੂਰੀ ਕਰੇਗਾ ਅਤੇ ਮਗਰੋਂ ਨਿਰਦੇਸ਼ਕ ਅਦਵੈਤ ਚੰਦਨ ਨਾਲ ਪੋਸਟ-ਪ੍ਰੋਡਕਸ਼ਨ ਵਿੱਚ ਸ਼ਾਮਲ ਹੋਵੇਗਾ, ਤਾਂ ਕਿ ਫਿਲਮ ਇਸ ਕ੍ਰਿਸਮਸ ਤਕ ਰਿਲੀਜ਼ ਕੀਤੀ ਜਾ ਸਕੇ। ਅਜਿਹੇ ਦੌਰਾਨ ਉਸ ਨੇ ਸੋਮਵਾਰ ਨੂੰ ਆਪਣਾ ਮੋਬਾਈਲ ਬੰਦ ਰੱਖਣ ਦਾ ਫ਼ੈਸਲਾ ਲਿਆ ਹੈ ਤਾਂ ਕਿ ਇਹ ਉਸ ਦੇ ਕੰਮ ਅਤੇ ਨਿੱਜੀ ਜ਼ਿੰਦਗੀ ਵਿੱਚ ਕੋਈ ਅੜਿੱਕਾ ਨਾ ਪਾਏ। ਸੂਤਰਾਂ ਅਨੁਸਾਰ ਆਮਿਰ ਨੂੰ ਲੱਗਦਾ ਹੈ ਕਿ ਉਹ ਮੋਬਾਈਲ ਦਾ ਆਦੀ ਹੈ ਅਤੇ ਇਹ ਉਸ ਦੇ ਕੰਮ ਅਤੇ ਨਿੱਜੀ ਜ਼ਿੰਦਗੀ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਸ ਲਈ ਉਸ ਨੇ ਅਜਿਹਾ ਫ਼ੈਸਲਾ ਲਿਆ ਹੈ ਤਾਂ ਜੋ ਉਹ ਪੁਰਾਣੇ ਦਿਨਾਂ ਵਾਂਗ ਕੰਮ ਕਰ ਸਕੇ। ਜਾਣਕਾਰੀ ਅਨੁਸਾਰ ‘ਲਾਲ ਸਿੰਘ ਚੱਢਾ’ ਰਿਲੀਜ਼ ਹੋਣ ਤਕ ਉਸ ਦੇ ਸੋਸ਼ਲ ਮੀਡੀਆ ਖਾਤੇ ਵੀ ਉਸ ਦੀ ਟੀਮ ਵੱਲੋਂ ਚਲਾਏ ਜਾਣਗੇ।



## ਵਰੁਣ ਧਵਨ ਤੇ ਸ਼ਰਧਾ ਕਪੂਰ ਬੱਚਿਆਂ ਦੇ ਮਨਪਸੰਦ ਅਦਾਕਾਰ ਬਣੇ

ਮੁੰਬਈ-ਬੌਲੀਵੁੱਡ ਸਟਾਰ ਵਰੁਣ ਧਵਨ ਅਤੇ ਸ਼ਰਧਾ ਕਪੂਰ ‘ਕਿਡਜ਼ ਚੁਆਇਸ ਐਵਾਰਡਜ਼’ ਵਿੱਚ ਬੱਚਿਆਂ ਦੇ ਮਨਪਸੰਦ ਸਿਤਾਰਿਆਂ ਵਜੋਂ ਉੱਭਰੇ ਹਨ। ਇਸ ਦੌਰਾਨ ਵਰੁਣ ਨੇ ਸਰਬੋਤਮ ਅਦਾਕਾਰ ਅਤੇ ਸ਼ਰਧਾ ਕਪੂਰ ਨੇ ਸਰਬੋਤਮ ਅਦਾਕਾਰਾ ਦਾ ਐਵਾਰਡ ਜਿੱਤਿਆ। ਬਾਦਸ਼ਾਹ ਨੂੰ ਸਰਬੋਤਮ ਰੈਪ ਮਿਊਜ਼ਿਕ ਸਟਾਰ ਚੁਣਿਆ ਗਿਆ। ਇਸੇ ਤਰ੍ਹਾਂ ਸੁਸ਼ਾਂਤ ਸਿੰਘ ਰਾਜਪੂਤ ਦੀ ਫਿਲਮ ‘ਛਿਛੋਰੇ’ ਨੇ ‘ਮਨਪਸੰਦ ਬੌਲੀਵੁੱਡ ਫਿਲਮ’ ਦਾ ਖਿਤਾਬ ਜਿੱਤਿਆ। ਕੋਵਿਡ ਸੰਕਟ ਕਾਰਨ ‘ਨਿਕਲੋਡੀਅਨ ਕਿਡਜ਼ ਚੁਆਇਸ ਐਵਾਰਡਜ਼ 2020’ ਇਸ ਵਾਰ ਆਨਲਾਈਨ ਕਰਵਾਏ ਗਏ। ਐਵਾਰਡ ਲਈ ਨਾਮਜ਼ਦ ਕਲਾਕਰਾਂ ਦੀ ਚੋਣ ਇਸ ਆਧਾਰ ’ਤੇ ਕੀਤੀ ਗਈ ਕਿ ਕਿਸ ਨੇ ਤਾਲਾਬੰਦੀ ਦੌਰਾਨ ਬੱਚਿਆਂ ਦਾ ਸਭ ਤੋਂ ਵੱਧ ਮਨੋਰੰਜਨ ਕੀਤਾ। ਬੱਚਿਆਂ ਦੀਆਂ ਵੋਟਾਂ ਦੇ ਆਧਾਰ ’ਤੇ ਹੀ ਜੇਤੂਆਂ ਦਾ ਐਲਾਨ ਕੀਤਾ ਗਿਆ। ਛੋਟੇ ਪਰਦੇ ਦੀ ਕਲਾਕਾਰ ਸੁਰਭੀ ਚੰਦਨਾ ਨੂੰ ‘ਨਾਗਿਨ’ ਲਈ ਮਨਪਸੰਦ ਟੀਵੀ ਅਦਾਕਾਰਾ ਅਤੇ ਦਿਲੀਪ ਜੋਸ਼ੀ ਨੂੰ ‘ਤਾਰਿਕ ਮਹਿਤਾ ਕਾ ਉਲਟਾ ਚਸ਼ਮਾ’ ਲਈ ਮਨਪਸੰਦ ਟੀਵੀ ਅਦਾਕਾਰ ਚੁਣਿਆ ਗਿਆ। ਕਾਮੇਡੀਅਨ ਕਪਿਲ ਸ਼ਰਮਾ ਮਨਸਪੰਦ ਇੰਸਟਾਗ੍ਰਾਮ ਸ਼ਖਸੀਅਤ ਵਜੋਂ ਉੱਭਰਿਆ ਜਦਕਿ ‘ਮੁਕਾਬਲਾ’ ਨੂੰ ਮਨਪਸੰਦ ਬੌਲੀਵੁੱਡ ਗੀਤ ਅਤੇ ਨੋਰਾ ਫਤੇਹੀ ਨੂੰ ਮਨਪਸੰਦ ਡਾਂਸਰ ਐਲਾਨਿਆ ਗਿਆ।












# ਇਕੱਲਿਆਂ ਛੁੱਟੀਆਂ 'ਤੇ ਨਹੀਂ ਜਾਣਾ ਚਾਹੁੰਦੀ ਆਲੀਆ

ਮੁੰਬਈ-ਬਾਲੀਵੁੱਡ ਅਦਾਕਾਰਾ ਆਲੀਆ ਭੱਟ ਛੁੱਟੀਆਂ ਤੇ ਜਾਣਾ ਚਾਹੁੰਦੀ ਹੈ ਪਰ ਇਕੱਲਿਆਂ ਨਹੀਂ। ਇਹ ਗੱਲ ਉਨ੍ਹਾਂ ਮੰਗਲਵਾਰ ਨੂੰ ਸੋਸ਼ਲ ਮੀਡੀਆ ਤੇ ਆਪਣੇ ਪ੍ਰਸ਼ੰਸਕਾਂ ਨਾਲ ਸਾਂਝੀ ਕੀਤੀ ਹੈ ਹਾਲਾਂਕਿ ਉਹ ਲੰਮੇ ਸਮੇਂ ਤੋਂ ਆਪਣੇ ਚਾਹੁਣ ਵਾਲਿਆਂ ਨਾਲ 'ਸੱਚੀ ਜਾਂ ਝੂਠੀ ਖੇਡ ਖੇਡਦੀ ਆ ਰਹੀ ਹੈ। ਇੱਕ ਪ੍ਰਸ਼ੰਸਕ ਨੇ ਆਲੀਆ ਨੂੰ ਪੁੱਛਿਆ ਤੁਸੀਂ ਛੁੱਟੀਆਂ ਮਨਾਉਣਾ ਚਾਹੁੰਦੇ ਹੋ ਤਾਂ ਅਦਾਕਾਰਾ ਨੇ ਆਖਿਆ, "ਇਕੱਲਿਆਂ ਜਾਣ ਦਾ ਵਿਚਾਰ ਨਹੀਂ ਹੈ। ਇਕ ਹੋਰ ਪ੍ਰਸ਼ੰਸਕ ਨੇ ਪੁੱਛਿਆ ਤੁਸੀਂ ਸਾਰਿਆਂ ਨੂੰ ਛੱਡ ਕੇ ਇਕੱਲਿਆਂ ਛੁੱਟੀਆਂ ਤੇ ਜਾਣਾ ਚਾਹੁੰਦੇ ਹੋ ਤਾਂ ਆਲੀਆ ਨੇ ਆਖਿਆ,"ਸੱਚਮੁੱਚ ਪਰ ਇਕੱਲਿਆਂ ਨਹੀਂ। ਇਸੇ ਤਰ੍ਹਾਂ ਆਲੀਆ ਨੇ ਮੰਨਿਆ ਕਿ ਉਸ ਨੂੰ ਸ਼ਾਪਿੰਗ ਤੇ ਖਾਣਾ ਬਣਾਉਣ ਦਾ ਸ਼ੌਕ ਨਹੀਂ ਹੈ। ਜਦੋਂ ਪ੍ਰਸ਼ੰਸਕ ਨੇ ਪੁੱਛਿਆ ਕਿ ਤੁਸੀਂ ਸ਼ਾਪਿੰਗ ਪਸੰਦ ਕਰਦੇ ਹੋ ਤਾਂ ਆਲੀਆ ਨੇ ਆਖਿਆ, "ਇਹ ਝੂਠ ਹੈ ਅਤੇ ਮੈਂ ਸ਼ਾਪਿੰਗ ਪਸੰਦ ਨਹੀਂ ਕਰਦੀ। ਜੇਕਰ ਤੁਸੀਂ ਮੈਨੂੰ ਕਿਸੇ ਸਟੋਰ ਚ ਲੈ ਜਾਵੋ ਤਾਂ ਮੈਂ ਬੌਂਦਲ ਜਾਂਦੀ ਹਾਂ ਤੇ ਮੈਂ ਜਲਦੀ ਹੀ ਬਾਹਰ ਆ ਜਾਂਦੀ ਹਾਂ। ਪਰ ਆਨਲਾਈਨ ਸ਼ਾਪਿੰਗ ਨੇ ਮੇਰੇ ਲਈ ਕਾਫੀ ਕੁਝ ਬਦਲ ਦਿੱਤਾ ਹੈ। ਆਲੀਆ ਨੇ ਆਖਿਆ ਕਿ ਉਸ ਨੂੰ ਆਲੂ ਤੇ ਚਾਕਲੇਟ ਬਹੁਤ ਪਸੰਦ ਹੈ। ਅਦਾਕਾਰਾ ਨੂੰ ਘਰ ਚ ਬਣਿਆ ਭੋਜਨ ਵੀ ਕਾਫੀ ਪਸੰਦ ਹੈ। ਇਕ ਪ੍ਰਸ਼ੰਸਕ ਦੇ ਸਵਾਲ ਦੇ ਜਵਾਬ ਵਿਚ ਅਦਾਕਾਰਾ ਨੇ ਆਖਿਆ ਕਿ ਉਸ ਨੂੰ ਬਿੱਲੀਆਂ ਤੇ ਕੁੱਤੇ ਚੰਗੇ ਲੱਗਦੇ ਹਨ। ਜਾਣਕਾਰੀ ਅਨੁਸਾਰ ਆਲੀਆ ਭੱਟ, ਸੰਜੇ ਲੀਲਾ ਭੰਸਾਲੀ ਦੀ ਫ਼ਿਲਮ 'ਗੰਗੂਬਾਈ ਕਾਠੀਆਵਾੜੀ ਦੀਆਂ ਤਿਆਰੀਆਂ ਚ ਰੁੱਝੀ ਹੋਈ ਹੈ।

# ਤਾਪਸੀ ਪੰਨੂ ਨੇ ਨਵੀਂ ਫਿਲਮ ਦੀ ਫੋਟੋ ਸਾਂਝੀ ਕੀਤੀ



ਮੁੰਬਈ-ਬੋਲੀਵੁੱਡ ਅਦਾਕਾਰਾ ਤਾਪਸੀ ਪੰਨੂ ਨੇ ਮੰਗਲਵਾਰ ਨੂੰ ਆਪਣੀ ਆਉਣ ਵਾਲੀ ਫਿਲਮ 'ਲੂਪ ਲਪੇਟਾ ਦੀ ਫੋਟੋ ਸਾਂਝੀ ਕੀਤੀ ਹੈ। ਤਾਪਸੀ ਇਸ ਫਿਲਮ ਵਿਚ ਸਾਵੀ ਨਾਂ ਦਾ ਕਿਰਦਾਰ ਨਿਭਾਵੇਗੀ। ਅਦਾਕਾਰਾ ਨੇ ਇਸ ਫਿਲਮ ਦੀ ਪਹਿਲੀ ਝਲਕ ਆਪਣੇ ਇੰਸਟਾਗ੍ਰਾਮ ਅਤੇ ਟਵਿੱਟਰ ਖਾਤੇ ਤੇ ਸਾਂਝੀ ਕੀਤੀ ਹੈ। ਇਸ ਵਿਚ ਉਹ ਟਾਇਲਟ ਸੀਟ ਉੱਪਰ ਬੈਠੀ ਹੋਈ ਹੈ। ਇਸ ਵਿਚ ਪਖਾਨੇ ਦੀ ਅੰਦਰਲੀ ਹਾਲਤ ਪੁਰਾਣੀ ਅਤੇ ਗੰਦਗੀ ਵਾਲੀ ਹੈ। ਉਸ ਨੇ ਆਪਣੀ ਪੋਸਟ ਵਿਚ ਲਿਖਿਆ ਹੈ ਕਿ ਜ਼ਿੰਦਗੀ ਵਿਚ ਕਦੇ ਕਦੇ ਅਜਿਹਾ ਸਮਾਂ ਵੀ ਆਉਂਦਾ ਹੈ ਕਿ ਜਦੋਂ ਇਨਸਾਨ ਨੂੰ ਖ਼ੁਦ ਤੋਂ ਇਹ ਸਵਾਲ ਕਰਨਾ ਪੈਂਦਾ ਹੈ ਕਿ ਉਹ ਜ਼ਿੰਦਗੀ ਨੂੰ ਖ਼ਤਮ ਕਿਵੇਂ ਕਰ ਸਕਦਾ ਹੈ। ਉਸ ਨੇ ਕਿਹਾ ਕਿ ਫਿਲਮ ਵਿੱਚ ਸਾਵੀ ਕੁਝ ਇਸ ਤਰ੍ਹਾਂ ਹੀ ਨਜ਼ਰ ਆਵੇਗੀ। ਤਾਪਸੀ ਇਸ ਸਮੇਂ ਗੋਆ ਵਿਚ ਹੈ ਤੇ ਉਹ ਫਿਲਮ ਦੀ ਸ਼ੂਟਿੰਗ ਨੂੰ ਮੁਕੰਮਲ ਕਰਨ ਵਿਚ ਰੁੱਝੀ ਹੋਈ ਹੈ। ਇਸ ਫਿਲਮ ਵਿਚ ਉਸ ਨਾਲ ਤਾਹਿਰ ਰਾਜ ਭਸੀਨ ਪਹਿਲੀ ਵਾਰ ਨਜ਼ਰ ਆਵੇਗਾ। ਇਹ ਫਿਲਮ 1998 ਵਿਚ ਆਈ ਜਰਮਨ ਫਿਲਮ ਦਾ ਹਿੰਦੀ ਰੂਪਾਂਤਰਣ ਹੈ। 'ਲੂਪ ਲਪੇਟਾ ਦਾ ਨਿਰਦੇਸ਼ਨ ਆਕਾਸ਼ ਭਾਟੀਆ ਕਰ ਰਹੇ ਹਨ। ਇਹ ਫਿਲਮ ਇਸ ਸਾਲ ਦੇ ਅਖ਼ੀਰ ਵਿੱਚ ਰਿਲੀਜ਼ ਹੋਵੇਗੀ। ਇਸ ਦੌਰਾਨ ਤਾਪਸੀ ਨੇ ਹਾਲ ਹੀ ਵਿੱਚ 'ਰਸ਼ਮੀ ਰਾਕੇਟ ਦੀ ਸ਼ੂਟਿੰਗ ਪੂਰੀ ਕੀਤੀ ਹੈ। ਇਹ ਫਿਲਮ ਇੱਕ ਦੌੜਾਕ ਦੀ ਕਹਾਣੀ ਬਿਆਨਦੀ ਹੈ ਜੋ ਆਪਣੀ ਪਛਾਣ ਲਈ ਲੜਦੀ ਹੈ।

# ਬਾਲੀਵੁੱਡ ਫਿਲਮ 'ਵਿਮਨਸ ਸਟੋਰੀ ਵਿਚ ਹੋਵੇਗੀ ਜੈਕਲੀਨ

ਬਾਲੀਵੁੱਡ ਦੀਆਂ ਕਈ ਫਿਲਮਾਂ ਵਿੱਚ ਕੰਮ ਕਰ ਚੁੱਕੀ ਜੈਕਲੀਨ ਫਰਨਾਂਡੀਜ਼ ਹਾਲੀਵੁੱਡ ਦੀ ਰਾਹ ਪੈਣ ਲੱਗੀ ਹੈ। ਇਹੀ ਨਹੀਂ, ਉਹ ਕੈਰਾ ਡੇਲੇਵਿੰਗਨੇ, ਈਵਾ ਲੋਂਗੋਰੀਆ, ਮਾਰੀਆ ਗੇ ਹਾਰਡੇਨ, ਲਿ ?ਨੋਰ ਵਾਰੇਲਾ ਤੇ ਮਾਰਗਰੇਟਾ ਬੁਆ ਵਰਗੇ ਕਈ ਨਾਮੀ ਹਾਲੀਵੁੱਡ ਕਲਾਕਾਰਾਂ ਨਾਲ ਅਗਲੀ ਐਂਥੋਲਾਜੀ ਫੀਚਰ 'ਵਿਮਨਸ ਸਟੋਰੀ' ਵਿੱਚ ਨਜ਼ਰ ਆਏਗੀ। ਜੈਕਲੀਨ ਇਸ ਵਿੱਚ 'ਸ਼ੇਅਰਿੰਗ ਅ ਰਾਈਡ ਨਾਮਕ ਸ਼ਾਰਟ ਫਿਲਮ ਦਾ ਹਿੱਸਾ ਹੋਵੇਗੀ, ਜਿਸ ਦਾ ਨਿਰਦੇਸ਼ਨ ਲੀਨਾ ਯਾਦਵ ਕਰੇਗੀ। ਇਸ ਵਿੱਚ ਜੈਕਲੀਨ ਅਤੇ ਟ੍ਰਾਂਸਜੈਂਡਰ ਮਾਡਲ ਅੰਜਲੀ ਲਾਮਾ ਮੁੱਖ ਕਿਰਦਾਰ ਵਿੱਚ ਹੋਣਗੇ। ਇਹ ਇੱਕ ਚਾਰ ਸੈਗਮੈਂਟ ਵਾਲੀ ਫਿਲਮ ਹੈ, ਜਿਸ ਵਿੱਚ ਔਰਤਾਂ ਨਾਲ ਜੁੜੀਆਂ ਕਹਾਣੀਆਂ ਦੱਸੀਆਂ ਜਾਣਗੀਆਂ।






# Filmy ਸਮਾਚਾਰ

# ਬਾਲੀਵੁੱਡ ਮੁਲਾਕਾਤ

## ਸਭ ਕਿਸਮਤ ਦੀ ਖੇਡ ਹੈ

# ਤਮੰਨਾ ਭਾਟੀਆ



21 ਦਸੰਬਰ 1989 ਨੂੰ ਮੁੰਬਈ ਵਿੱਚ ਜਨਮੀ ਤਮੰਨਾ ਭਾਟੀਆ ਨੇ ਕਰੀਅਰ ਦੀ ਸ਼ੁਰੂਆਤ ਐਸ ਸ਼ਮਸ਼ੀ ਦੇ ਨਿਰਦੇਸ਼ਨ ਵਾਲੀ ਵਿੱਚਾਂਦ ਸਾ ਰੌਸ਼ਨ ਚਿਹਰਾ (2005) ਨਾਲ ਕੀਤੀ ਸੀ, ਪਰ ਫਿਲਮ ਨਾ ਚੱਲਣ ਅਤੇ ਉਸ ਦੇ ਬਾਅਦ ਬਾਲੀਵੁੱਡ ਵਿੱਚ ਕੰਮ ਨਾ ਮਿਲਣ ਕਾਰਨ ਉਹ ਸਾਊਥ ਚਲੀ ਗਈ। ਅਜੈ ਦੇਵਗਨ ਦੇ ਆਪੋਜ਼ਿਟ 'ਹਿੰਮਤਵਾਲਾ (2013) ਨਾਲ ਤਮੰਨਾ ਇੱਕ ਵਾਰ ਫਿਰ ਬਾਲੀਵੁੱਡ ਵਿੱਚ ਵਾਪਸੀ ਕੀਤੀ। ਦਰਸ਼ਕਾਂ ਨੇ ਉਸ ਨੂੰ ਪਸੰਦ ਕੀਤਾ, ਪਰ ਫਿਲਮ ਪਸੰਦ ਨਹੀਂ ਆਈ। ਤੇਲਗੂ ਅਤੇ ਤਮਿਲ ਫਿਲਮਾਂ ਵਿੱਚ ਤਮੰਨਾ ਨੂੰ ਖੂਬ ਪਸੰਦ ਕੀਤਾ ਜਾਂਦਾ ਹੈ। ਉਥੇ ਸਭ ਤੋਂ ਜ਼ਿਆਦਾ ਸਫਲ ਫਿਲਮਾਂ ਦਾ ਹਿੱਸਾ ਰਹਿ ਚੁੱਕੀ ਹੈ, ਪਰ ਬਾਲੀਵੁੱਡ ਵਿੱਚ ਤਮੰਨਾ ਭਾਟੀਆ ਨੂੰ ?ਨੀ ਕਾਮਯਾਬੀ ਨਹੀਂ ਮਿਲੀ। ਰਿਤੇਸ਼ ਦੇਸ਼ਮੁਖ, ਬਿਪਾਸ਼ਾ ਬਸੁ ਅਤੇ ਈਸ਼ਾ ਗੁਪਤਾ ਵਰਗੇ ਸਟਾਰਾਂ ਨਾਲ ਤਮੰਨਾ 'ਹਮਸ਼ਕਲ (2014) ਵਿੱਚ ਨਜ਼ਰ ਆਈ, ਪਰ ਫਿਲਮ ਨਹੀਂ ਚੱਲੀ। ਸਹੀ ਅਰਥਾਂ ਵਿੱਚ ਅਕਸ਼ੈ ਨਾਲ 'ਇੰਟਰਟੇਨਮੈਂਟ (2014) ਤਮੰਨਾ ਦੀ ਪਹਿਲੀ ਸਫਲ ਬਾਲੀਵੁੱਡ ਫਿਲਮ ਸੀ। ਇਨ੍ਹੀਂ ਦਿਨੀਂ ਤਮੰਨਾ ਸਾਊਥ ਦੀਆਂ ਛੇ ਅਤੇ ਬਾਲੀਵੁੱਡ ਦੀਆਂ ਦੋ ਫਿਲਮਾਂ ਵਿੱਚ ਬਿਜ਼ੀ ਹੈ। ਇਨ੍ਹਾਂ ਵਿੱਚ ਨਵਾਜ਼ੁਦੀਨ ਸਿੱਦੀਕੀ ਦੇ ਨਾਲ 'ਬੋਲੇ ਚੂੜੀਆਂ , ਸਾਊਥ ਸਟਾਰ ਪਵਨ ਕਲਿਆਣ ਦੇ ਆਪੋਜ਼ਿਟ 'ਵਕੀਲ ਸਾਬ੍ਹ , ਸਾਊਥ ਮੈਗਾਸਟਾਰ ਚਿਰੰਜੀਵੀ ਤੇ ਬਾਲੀਵੁੱਡ ਨਾਇਕ ਅਮਿਤਾਭ ਬੱਚਨ ਨਾਲ 'ਨਰਸਿਮਹਾ ਰੈੱਡੀ ਪ੍ਰਮੁੱਖ ਹਨ। ਇਨ੍ਹਾਂ ਫਿਲਮਾਂ ਨੂੰ ਲੈ ਕੇ ਤਮੰਨਾ ਨੂੰ ਚਾਹੁਣ ਵਾਲੇ ਕਾਫੀ ਐਕਸਾਈਟਿਡ ਹਨ। ਪੇਸ਼ ਹਨ ਤਮੰਨਾ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

**' ਪਹਿਲਾਂ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਅਤੇ ਉਸ ਦੇ ਬਾਅਦ ਬਾਲੀਵੁੱਡ ਦੇ ਡਰੱਗ ਕੁਨੈਕਸ਼ਨ ਦੀ ਕਾਰਨ ਬਾਲੀਵੁੱਡ ਇੰਡਸਟਰੀ ਆਪਣੇ ਸਭ ਤੋਂ ਬੁਰੇ ਦੌਰ ਵਿੱਚੋਂ ਗੁਜਰ ਰਹੀ ਹੈ। ਕੀ**



**ਇਸ ਦੇ ਬਾਵਜੂਦ ਤੁਸੀਂ ਬਾਲੀਵੁੱਡ ਵਿੱਚ ਮੁਕਾਮ ਬਣਾਉਣ ਲਈ ਉਤਸੁਕ ਹੋ ?**

—ਮੈਨੂੰ ਲੱਗਦਾ ਹੈ ਕਿ ਕਿਸੇ ਵੀ ਚੀਜ਼ ਲਈ ਕਿਸੇ ਨੂੰ ਦੋਸ਼ੀ ਠਹਿਰਾਉਣਾ ਗਲਤ ਹੈ। ਅਸੀਂ ਲੋਕ ਹਮੇਸ਼ਾ ਸੁਰਖੀਆਂ ਵਿੱਚ ਰਹਿੰਦੇ ਹਾਂ, ਇਸ ਲਈ ਸਾਡੀ ਇੰਡਸਟਰੀ ਦੇ ਬਾਰੇ ਗੱਲਾਂ ਕਰਨਾ ਆਸਾਨ ਹੋ ਜਾਂਦਾ ਹੈ, ਜਦ ਕਿ ਸੱਚ ਇਹ ਹੈ ਕਿ ਹਰ ਜਗ੍ਹਾ ਚੰਗੇ ਅਤੇ ਬੁਰੇ ਲੋਕ ਹੁੰਦੇ ਹਨ।

**' ਨੈਪੋਟਿਜ਼ਮ ਬਾਰੇ ਵੀ ਫਿਲਮ ਇੰਡਸਟਰੀ ਵਿੱਚ ਕਾਫੀ ਗੱਲਾਂ ਹੁੰਦੀਆਂ ਰਹੀਆਂ ਹਨ। ਕੀ ਤੁਹਾਨੂੰ ਬਾਹਰੀ ਵਿਅਕਤੀ ਦੇ ਰੂਪ ਵਿੱਚ ਇਥੇ ਕਦੇ ਕਿਸੇ ਪੱਖਪਾਤ ਦਾ ਸਾਹਮਣਾ ਕਰਨਾ ਪਿਆ ?**

—ਬਾਲੀਵੁੱਡ ਵਿੱਚ ਬੇਸ਼ੱਕ ਮੈਨੂੰ ?ਨਾ ਕੰਮ ਨਹੀਂ ਮਿਲਿਆ, ਪਰ ਇਸ ਲਈ ਕਿਸੇ ਨੂੰ ਦੋਸ਼ ਦੇਣ ਦੇ ਬਜਾਏ ਮੈਂ ਆਪਣੀ ਕਿਸਮਤ ਹੀ ਕਹਾਂਗੀ। ਸਾਊਥ ਫਿਲਮ ਇੰਡਸਟਰੀ ਨੇ ਮੈਨੂੰ ਇੱਕ ਤੋਂ ਵਧ ਕੇ ਇੱਕ ਕਈ ਵਧੀਆ ਮੌਕੇ ਦਿੱਤੇ। ਇਸ ਤਰ੍ਹਾਂ ਆਪਣੀ ਕਿਸਮਤ ਦੇ ਨਾਲ ਮੇਰੇ ਸਾਰੇ ਗਿਲੇ ਸ਼ਿਕਵੇ ਦੂਰ ਹੋ ਗਏ।

**'ਤੁਹਾਡਾ ਕੋਈ ਗੌਡਫਾਦਰ ਨਹੀਂ ਹੈ। ਆਖਰ ਤੁਹਾਡੀ ਇਸ ਕਾਮਯਾਬੀ ਵਿਚੱ ਤੁਹਾਡਾ ਸਹਿਭਾਗੀ ਕੌਣ ਰਿਹਾ ?**

—ਇੰਡਸਟਰੀ ਨੇ ਮੈਨੂੰ ਜਿਸ ਤਰ੍ਹਾਂ ਕੰਮ ਦੇ ਮੌਕੇ ਦਿੱਤੇ, ਦਰਸ਼ਕਾਂ ਦਾ ਜੋ ਪਿਆਰ ਤੇ ਪ੍ਰਸ਼ੰਸਾ ਮੈਨੂੰ ਹਾਸਲ ਹੋਈ, ਉਸ ਦੇ ਲਈ ਮੈਂ ਉਨ੍ਹਾਂ ਸਾਰਿਆਂ ਦੀ ਬਹੁਤ ਸ਼ੁਕਰਗੁਜ਼ਾਰ ਹਾਂ। ਮੈਂ ਇਨ੍ਹਾਂ ਸਾਰੀਆਂ ਗੱਲਾਂ ਦੀ ਉਮੀਦ ਨਹੀਂ ਕੀਤੀ ਸੀ, ਫਿਰ ਵੀ ਇਹ ਸਭ ਕੁਝ ਮਿਲਿਆ, ਪਰ ਮੈਂ ਇਹ ਸਭ ਕੁਝ ਸਿਰਫ ਅਤੇ ਸਿਰਫ ਆਪਣੇ ਦਮ ਉੱਤੇ ਹਾਸਲ ਕੀਤਾ ਹੈ। ਮੇਰਾ ਮੰਨਣਾ ਹੈ ਕਿ ਜੇ ਤੁਸੀਂ ਸਮਰਪਿਤ ਮਿਹਨਤੀ ਅਤੇ ਪ੍ਰਤਿਭਾਸ਼ਾਲੀ ਹੋ ਤਾਂ ਤੁਹਾਨੂੰ ਤੇ ਤੁਹਾਡੇ ਕੰਮ ਨੂੰ ਪਸੰਦ ਕੀਤਾ ਜਾਵੇਗਾ। ਚੰਗੀ ਕੋਸ਼ਿਸ਼ ਹਮੇਸ਼ਾ ਮਾਇਨੇ ਰੱਖਦੀ ਹੈ।

**'ਤੁਸੀਂ ਨਵਾਜ਼ੁਦੀਨ ਸਿੱਦੀਕੀ ਨਾਲ 'ਬੋਲੇ ਚੂੜੀਆਂ ਕਰ ਰਹੇ ਹੋ। ਅੱਜਕੱਲ੍ਹ ਉਨ੍ਹਾਂ ਦਾ ਮਾਰਕੀਟ ਡਾਊਨ ਚੱਲ ਰਿਹਾ ਹੈ। ਅਜਿਹੇ ਵਿੱਚ ਤੁਹਾਨੂੰ ਨਹੀਂ ਲੱਗਦਾ ਕਿ ਤੁਹਾਡੀ ਵਾਪਸੀ ਦੀ ਇਹ ਕੋਸ਼ਿਸ਼ ਵੀ ਬੇਕਾਰ ਜਾਣ ਵਾਲੀ ਹੈ ?**

—ਮੈਂ ਨਤੀਜੇ ਦੀ ਚਿੰਤਾ ਨਾ ਕਰਦੇ ਹੋਏ ਸਿਰਫ ਕੋਸ਼ਿਸ਼ ਵਿੱਚ ਯਕੀਨ ਰੱਖਣ ਵਾਲੀ ਲੜਕੀ ਹਾਂ। ਮੈਂ ਕਦੇ ਇਸ ਗੱਲ ਉੱਤੇ ਵਿਚਾਰ ਨਹੀਂ ਕੀਤਾ ਕਿ ਮੈਨੂੰ ਮੌਕਿਆਂ ਤੋਂ ਵਾਂਝਾ ਕੀਤਾ ਗਿਆ ਜਾਂ ਘੱਟ ਜਾਂ ਵੱਧ ਮੌਕੇ ਦਿੱਤੇ ਗਏ। ਕਿਸਮਤ ਨਾਲ ਮੈਨੂੰ 'ਬਾਹੂਬਲੀ ਵਰਗੀਆਂ ਫਿਲਮਾਂ ਮਿਲੀਆਂ, ਜੋ ਸਾਡੇ ਦੇਸ਼ ਵਿੱਚ ਸਭ ਤੋਂ ਵੱਡੀਆਂ ਹਿੱਟ ਫਿਲਮਾਂ ਵਿੱਚੋਂ ਇੱਕ ਹੈ। ਤੁਹਾਡੇ ਨਾਲ ਜੋ ਕੁਝ ਚੰਗਾ ਜਾਂ ਬੁਰਾ ਹੋ ਰਿਹਾ ਹੈ ਜਾਂ ਫਿਰ ਹੋਣ ਵਾਲਾ ਹੈ, ਉਹ ਪਹਿਲਾਂ ਤੋਂ ਤੈਅ ਹੈ। ਉਸ ਨੂੰ ਵਾਪਰਨ ਤੋਂ ਕੋਈ ਨਹੀਂ ਰੋਕ ਸਕਦਾ ਇਸ ਲਈ ਫਜ਼ੂਲ ਦੀ ਚਿੰਤਾ ਦਾ ਕੀ ਅਰਥ ਹੈ।



# ROHITA PANNU LAW CORPORATION

## BARRISTER & SOLICITOR




## SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

# Ph: 604.589.1399

**Fax : 604.589.1556** **www.rohitapannulaw.com**

**2 Locations to Serve You**

**# 102-9278, 120th Street,**
**Surrey, BC V3V 4W8**

**6303 Fraser Street,**
**Vancouver BC**

# DO YOUR PART



fruiticana kee jaana!

Please wear a face mask or face covering. It's mandatory at all Fruiticana locations for your safety.

Thank You



## LOWEST PRICES IN TOWN

Rapini (Sarson da Saag)
ਸਰਸੋਂ ਦਾ ਸਾਗ
$2.49 bunch

Broccoli Crown
ਬਰੋਕਲੀ ਕਰਾਊਨ
99¢ lb

Spinach
ਪਾਲਕ
99¢ bunch

Opo Squash
ਓਪੋ ਕੱਦੂ
79¢ lb

Fresh Ginger
ਤਾਜ਼ਾ ਅਦਰਕ
$1.49 lb

Indican Punjabi Cookies 2.2 lbs
ਇੰਡੀਕੇਨ ਪੰਜਾਬੀ ਬਿਸਕੁਟ
$4.99 pkg.

Britannia Punjabi Biscuits 620 g
ਬ੍ਰਿਟੈਨੀਆ ਪੰਜਾਬੀ ਬਿਸਕੁਟ
$3.99 pkg.

**Extra Extra Super Special**
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$1.99 ea.

**Extra Super Super Special**
Roma Tomatoes
ਟਮਾਟਰ ਰੋਮਾ
69¢ lb

**Extra Super Super Special**
Indican Chickpeas Red Lentil Whole 4 lbs
ਇੰਡੀਕੇਨ ਚਿੱਟੇ ਛੋਲੇ ਮਸਰਾਂ ਦੀ ਸਾਬਤ ਦਾਲ
$2.49 bag

**Super Special**
KTC Pomace Olive Oil 3L
ਕੇ.ਟੀ.ਸੀ ਜੈਤੂਨ ਪੌਮੇਸ ਦਾ ਤੇਲ
$9.98 ea.

**Super Special**
Yellow Onions 50 lbs
ਪੀਲੇ ਗੰਢੇ
Lowest Price in Canada
$7.99 bag

**Super Special**
Red Onions 25 lbs
ਲਾਲ ਗੰਢੇ
$7.99 bag

**Super Special**
Fresh Garlic
ਤਾਜ਼ਾ ਲਸਣ
99¢ lb

**Super Special**
Britannia Wheat Rusk 305 g
ਬ੍ਰਿਟੈਨੀਆ ਕਣਕ ਦੇ ਰੱਸ
$1.99 pkg.

**Super Special**
Long English Cucumbers
ਲੰਬੇ ਇੰਗਲਿਸ਼ ਖੀਰੇ
2 for $1.50

Zucchini Squash
ਜ਼ੁਕੀਨੀ ਸਕੁਐਸ਼
79¢ lb

Green Bell Peppers
ਹਰੀ ਸ਼ਿਮਲਾ ਮਿਰਚਾਂ
88¢ lb

Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag

Large Seedless Oranges
ਵੱਡੇ ਸੰਤਰੇ (ਬਿਨਾਂ ਬੀਜ ਤੋਂ)
88¢ lb

Cilantro
ਧਨੀਆ
2 bunches for 99¢

Golden Temple Flour 20 lbs
ਗੋਲਡਨ ਟੈਂਪਲ ਆਟਾ
$9.98 bag

Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag

Ahmed Mango Pickle (Achar) 1kg
ਅਹਿਮਦ ਅੰਬ ਅਚਾਰ
$2.99 ea.

Green Cardamom (Elaichi) IMG
ਹਰੀ ਇਲਾਇਚੀ (ਆਈ.ਐਮ.ਜੀ)
$26.99 lb

Bhogpur Moti Cane Sugar 100% Vegetarian15 lbs
ਭੋਗਪੁਰ ਮੋਟੀ ੧੦੦% ਵੇਜੀਟੇਰੀਅਨ ਗੰਨੇ ਦੀ ਖੰਡ
$8.98 bag

Indican Punjabi Cane White Sugar 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$4.49 bag

Indican Brown Sugar 8 lbs
ਇੰਡੀਕੇਨ ਭੂਰੀ ਖੰਡ
$4.98 bag

Product images may differ from the actual product.

Fri Feb 05, 2021 - Wed Feb 10, 2021
We reserve the right to limit the quantities while they last

Fruiticana SINCE 1994

Head Office: 7676 Anvil Way, Surrey
604-502-0005
www.fruiticana.com

BUSINESS HOURS
9 AM - 8 PM
7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |